GYAN KARMA MOKSHA
G C M

# ਪ੍ਰਾਸਪੈਕਟਸ 2022-23




# ਸਰਕਾਰੀ ਕਾਲਜ


ਕੋਟਕਪੂਰਾ ਰੋਡ,ਸ੍ਰੀ ਮੁਕਤਸਰ ਸਾਹਿਬ

principalgcmks@gmail.com
Ph. 01633-262120

# ਸੁਨੇਹਾ



ਦਸਮ ਪਿਤਾ ਦੀ ਚਰਨਛੋਹ ਪ੍ਰਾਪਤ ਖਿਦਰਾਣੇ ਦੀ ਢਾਬ, ਚਾਲੀ 'ਸਿੰਘਾਂ' ਤੋਂ 'ਮੁਕਤੇ' ਬਣਨ ਦਾ ਇਤਿਹਾਸਕ ਸਫਰ ਤੈਅ ਕਰਦੀ ਹੋਈ ਅੱਜ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਸੰਦਰਭ ਵਿਚ ਲੱਗਦਾ ਮਾਘੀ ਦਾ ਮੇਲਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪ ਨੂੰ ਪੂਰੀ ਤਰਾਂ ਉਜਾਗਰ ਕਰਦਾ ਹੈ।

1951 ਵਿਚ ਸਥਾਪਿਤ ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ ਇੱਕ ਅਮੁੱਲੀ ਵਿਰਾਸਤ ਵਜੋਂ ਸਥਾਪਿਤ ਹੈ। ਸੱਤਰ ਸਾਲਾਂ ਤੋਂ ਇਸ ਸੰਸਥਾ ਦੀਆਂ ਮਾਨਯੋਗ ਪ੍ਰਾਪਤੀਆਂ ਹਨ। ਸਮਾਜਿਕ, ਸੱਭਿਆਚਾਰਕ, ਨੈਤਿਕ ਕਦਰਾਂ-ਕੀਮਤਾਂ ਪੱਖੋਂ ਵੀ ਇਸ ਸੰਸਥਾ ਦਾ ਇਲਾਕੇ ਨੂੰ ਭਰਪੂਰ ਯੋਗਦਾਨ ਹੈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਧੀਨ ਚੱਲ ਰਹੀ ਇਸ ਸੰਸਥਾ ਨੇ ਯੁਵਕ / ਵਿਰਾਸਤੀ ਮੇਲਿਆਂ, ਨਾਟਕੀ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿਚ ਉੱਚ ਮੁਕਾਮ ਹਾਸਿਲ ਕੀਤਾ ਹੈ।

ਵਰਤਮਾਨ ਸਮਾਂ ਬਹੁਤ ਚੁਣੌਤੀਆਂ ਭਰਿਆ ਹੈ। ਕਰੋਨਾ ਮਹਾਂਮਾਰੀ ਨੇ ਪੂਰੇ ਮੁਲਕ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੰਜਾਬ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਭਰਪੂਰ ਕੋਸ਼ਿਸ਼ਾ ਹੋ ਰਹੀਆਂ ਹਨ। ਅਸੀਂ ਭਾਰੀ ਮੁੱਲ ਤਾਰ ਕੇ ਸ਼ੁੱਧ ਹਵਾ ਦੀ ਮਹੱਤਤਾ ਤੋਂ ਜਾਣੂ ਹੋਏ ਹਾਂ। ਪਾਣੀ ਦੀ ਸੰਭਾਲ ਲਈ ਵੀ ਉਚੇਚੇ ਯਤਨ ਕਰਨੇ ਪੈਣਗੇ। ਗੁਰੂ ਨਾਨਕ ਦੇਵ ਜੀ ਦੁਆਰਾ ਸੈਂਕੜੇ ਵਰ੍ਹੇ ਪਹਿਲਾਂ ਆਬੋ ਹਵਾ ਬਾਰੇ ਕੀਤੀ ਮੁੱਲਵਾਨ ਟਿੱਪਣੀ **"ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ"** ਅੱਜ ਵੀ ਸਾਰਥਕ ਹੈ। ਜੀਵਨ ਦੇ ਅਨਮੋਲ ਖਜਾਨਿਆਂ (ਹਵਾ ਅਤੇ ਪਾਣੀ) ਨੂੰ ਸੰਭਾਲਣ ਦੀ ਭਾਰੀ ਲੋੜ ਹੈ। **"ਪਹਿਲਾ ਸੁੱਖ ਨਿਰੋਗੀ ਕਾਇਆ"** ਸਰੀਰਕ ਅਰੋਗਤਾ ਦਾ ਸੁਨੇਹਾ ਵੀ ਗੁਰਬਾਣੀ ਵਿੱਚੋਂ ਸਹਿਜੇ ਹੀ ਤਲਾਸ਼ਿਆ ਜਾ ਸਕਦਾ ਹੈ। ਨਿਰਸੰਦੇਹ ਤੰਦਰੁਸਤ ਸਰੀਰ ਵਿੱਚੋਂ ਹੀ ਗਿਆਨ ਪ੍ਰਾਪਤੀ ਦੀ ਸਮਰੱਥਾ ਵਧੇਰੇ ਹੁੰਦੀ ਹੈ। **"ਲਗਾਓ ਰੁੱਖ ਤੇ ਪਾਓ ਸੁੱਖ"** ਵਾਲੀ ਕਹਾਵਤ ਨੂੰ ਅਮਲੀ ਜਾਮਾ ਪਹਿਨਾਉਣ ਦੀ ਜ਼ਰੂਰਤ ਹੈ। ਆਓ, ਬਿਨਾਂ ਕਿਸੇ ਦੇਰੀ ਦੇ ਸਮਾਜਿਕ ਜਾਗਰੂਕਤਾ ਦੀ ਮੁਹਿੰਮ ਵਿੱਢੀਏ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਵਿਦਿਆਰਥੀ ਅਤੇ ਅਧਿਆਪਕਾਂ ਦੇ ਸਾਂਝੇ ਹੰਭਲੇ ਨੂੰ ਲਾਜ਼ਮੀ ਬੂਰ ਪਵੇਗਾ। ਗਿਆਨ ਮਨੁੱਖੀ ਚੇਤਨਾ ਨੂੰ ਪ੍ਰਚੰਡ ਕਰਦਾ ਹੈ। ਕਿਤਾਬਾਂ ਨਾਲ ਗੂੜ੍ਹਾ ਰਿਸ਼ਤਾ ਜੋੜ ਕੇ ਹੀ ਜੀਵਨ ਦਾ ਅਸਲੀ ਮਨੋਰਥ ਪ੍ਰਾਪਤ ਹੋ ਸਕਦਾ ਹੈ। ਆਓ ਕਿਤਾਬਾਂ ਨੂੰ ਅਸਲੀ ਮਿੱਤਰ ਬਣਾਈਏ। ਧੀਆਂ ਦੀ ਸਲਾਮਤੀ ਦੀ ਅਰਦਾਸ ਕਰੀਏ। ਨਰੋਆ ਗੀਤ-ਸੰਗੀਤ ਸੁਣੀਏ। ਨਰੋਆ ਗੀਤ ਸੰਗੀਤ ਕੇਵਲ ਰੂਹ ਨੂੰ ਹੀ ਸਕੂਨ ਨਹੀਂ ਦਿੰਦਾ, ਸਗੋਂ ਸਮਾਜ ਵਿਚ ਸੱਭਿਅਕ ਬਣਕੇ ਜੀਣ ਦਾ ਸਬੱਬ ਵੀ ਹੈ।

ਆਉ ਨੌਜਵਾਨੋ! ਸਮਾਜਿਕ ਅਲਾਮਤਾਂ ਖਿਲਾਫ ਰਲ ਕੇ ਬੀੜਾ ਚੁੱਕਣ ਦਾ ਤਹੱਈਆ ਕਰੀਏ। ਸ੍ਰੀ ਮੁਕਤਸਰ ਸਾਹਿਬ ਦੀ ਇਸ ਗੌਰਵਸ਼ਾਲੀ ਸੰਸਥਾ ਦਾ ਹਿੱਸਾ ਬਣਨ ਲਏ ਤੁਹਾਨੂੰ ਜੀ ਆਇਆਂ ਨੂੰ ਆਖਿਆ ਜਾਂਦਾ ਹੈ। ਸੰਸਥਾ ਤੇ ਅਧਿਆਪਕਾਂ ਦੀ ਆਨ ਬਾਨ ਅਤੇ ਸ਼ਾਨ ਤੁਹਾਡੀ ਬਦੌਲਤ ਹੀ ਸੰਭਵ ਹੈ। ਮੈਨੂੰ ਪੂਰਨ ਆਸ ਹੈ ਕਿ ਤੁਸੀਂ ਇਸ ਸੰਸਥਾ ਦੀਆਂ ਉੱਚ ਰਵਾਇਤਾਂ ਦੇ ਵਾਰਸ ਬਣੋਗੇ।

ਖੁਸ਼ਆਮਦੀਦ

**ਪ੍ਰੋ. ਸਤਵੰਤ ਕੌਰ**

ਪ੍ਰਿੰਸੀਪਲ

# ਕਾਲਜ ਬਾਰੇ

## ਕਾਲਜ ਦਾ ਇਤਿਹਾਸ

"ਫੈਲੇ ਵਿੱਦਿਆ ਚਾਨਣ ਹੋਇ" ਮਹਾਂਵਾਕ ਦੇ ਤਰਜ਼-ਏ-ਅਮਲ ਵਿੱਦਿਆ ਦਾ ਇਹ ਚਾਨਣ ਮੁਨਾਰਾ ਮਾਲਵੇ ਦੇ ਇਸ ਪਵਿੱਤਰ ਸ਼ਹਿਰ ਸ੍ਰੀ ਮੁਕਤਸਰ ਸਹਿਬ ਵਿਖੇ ਸੁਸ਼ੋਭਿਤ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਮੁਕਤਸਰ ਦੀ ਇਸ ਪਵਿੱਤਰ ਧਰਤੀ ਤੇ ਭਾਵੇਂ ਹੁਣ ਅਨੇਕਾਂ ਕਾਲਜ ਜਿਵੇਂ ਮੈਡੀਕਲ ਕਾਲਜ, ਇੰਜਨੀਅਰਿੰਗ ਕਾਲਜ, ਆਯੁਰਵੈਦਿਕ ਕਾਲਜ, ਪੋਲੀਟੈਕਨਿਕ ਕਾਲਜ, ਸਪੋਰਟਸ ਕਾਲਜ, ਮੈਨੇਜਮੈਂਟ ਕਾਲਜ, ਮਲਟੀਪਰਪਜ਼ ਹੈਲਥ ਵਰਕਰਜ਼ ਕਾਲਜ, ਇਨਫਰਮੇਸ਼ਨ ਟੈਕਨੋਲੋਜੀ ਕਾਲਜ, ਕੈਂਸਰ ਹਸਪਤਾਲ ਅਤੇ ਕਾਲਜ, ਡਿਗਰੀ ਕਾਲਜ ਅਤੇ ਨਰਸਿੰਗ ਕਾਲਜ ਆਦਿ ਖੁੱਲ ਗਏ ਹਨ ਪਰ ਇਹਨਾਂ ਦਾ ਸਬੰਧ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਇਹ ਸਾਰੇ ਕਾਲਜ ਰਾਤੋ-ਰਾਤ ਹੋਂਦ ਵਿੱਚ ਨਹੀਂ ਆਏ ਇਹ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦੀ ਹੀ ਦੇਣ ਹਨ ਕਿਉਂਕਿ 3908 ਵਰਗ ਮੀਲ ਵਿੱਚ ਫੈਲੇ ਹੋਏ ਪੁਰਾਣੇ ਫਿਰੋਜਪੁਰ ਜਿਲ੍ਹੇ ਦੇ ਵਿੱਚ ਸਭ ਤੋਂ ਪਹਿਲਾਂ ਹੋਂਦ ਵਿੱਚ ਆਉਣ ਵਾਲੇ ਸਰਕਾਰੀ ਕਾਲਜ ਹੋਣ ਦਾ ਮਾਣ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਸਿਰ ਹੀ ਜਾਂਦਾ ਹੈ।

ਕਾਲਜ ਦੇ ਇਤਿਹਾਸ ਵਿਚ ਸ਼ੁਰੂਆਤੀ ਦੌਰ ਵਿਚ ਕਈ ਮੋੜ ਆਏ, ਕਾਲਜ ਦੀ ਬਿਲਡਿੰਗ ਲਈ ਗੁਰਦੁਆਰਾ ਸ੍ਰੀ ਟਿੱਬੀ ਸਹਿਬ ਵਿਖੇ ਸਰਾਂ ਨੂੰ 100 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਪੰਜ ਸਾਲ ਲਈ ਕਿਰਾਏ ਤੇ ਲਿਆ ਗਿਆ । ਕੁਝ ਸਮੇਂ ਬਾਅਦ ਹੀ ਇਲਾਕੇ ਦੇ ਅਗਾਂਹ- ਵਧੂ ਸੋਚ ਦੇ ਵਿਅਕਤੀ ਜਦੋਂ ਉਸ ਸਮੇਂ ਦੇ ਮਾਨਯੋਗ ਸਿੱਖਿਆ ਮੰਤਰੀ ਜੀ ਨੂੰ ਮਿਲੇ ਤਾਂ ਉਹਨਾਂ ਨੇ 1,50,000 ਰੁਪਏ ਇਕੱਠੇ ਕਰਨ ਲਈ ਕਿਹਾ ਜਿਹੜੀ ਕਿ ਉਸ ਸਮੇਂ ਬਹੁਤ ਵੱਡੀ ਰਕਮ ਸੀ ਪਰ ਇਲਾਕੇ ਦੇ ਸੂਝਵਾਨ ਤੇ ਮਿਹਨਤੀ ਵਿਆਕਤੀਆਂ ਨੇ ਭਵਿੱਖ ਦੀ ਸੋਚਦੇ ਹੋਏ ਦੋ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਇਹ ਰਕਮ ਇਕੱਠੀ ਕਰਨ ਦਾ ਕਾਰਨਾਮਾ ਕਰ ਵਿਖਾਇਆ । 20-05-1951 ਨੂੰ ਕਾਲਜ ਦੇ ਪਹਿਲੇ ਪ੍ਰਿੰਸੀਪਲ ਵਜੋਂ ਸ. ਗੁਰਚਰਨ ਸਿੰਘ ਜੀ ਨੇ ਕਾਰਜ-ਭਾਰ ਸੰਭਾਲਿਆ । ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸਬੰਧਿਤ ਇਸ ਕਾਲਜ ਦਾ ਉਦਘਾਟਨ 03-06-1951 ਨੂੰ ਉਸ ਸਮੇਂ ਦੇ ਮਾਨਯੋਗ ਮੁੱਖ ਮੰਤਰੀ ਸਾਹਿਬ ਸ਼੍ਰੀ ਗੋਪੀ ਚੰਦ ਭਾਰਗਵ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਕਾਲਜ ਦਾ ਪਹਿਲਾ ਵਿਦਿਆਰਥੀ ਹੋਣ ਦਾ ਮਾਣ ਬਾਵਾ ਗੁਰਮੀਤ ਸਿੰਘ ਜੀ ਨੂੰ ਮਿਲਿਆ।

ਕਾਲਜ ਵਿਚ ਬਿਜਲੀ ਦੀ ਸਪਲਾਈ 22-11-1957 ਨੂੰ ਉਸ ਸਮੇਂ ਦੇ ਮਾਨਯੋਗ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਕਰਕੇ ਚਾਲੂ ਹੋਈ। ਕਾਲਜ ਨੂੰ ਲਗਭਗ 40 ਏਕੜ ਮੌਜੂਦਾ ਜਗ੍ਹਾ ਵਿੱਚ 30-10-1967 ਨੂੰ ਤਬਦੀਲ ਕਰ ਦਿੱਤਾ ਗਿਆ ਜਿੱਥੇ ਇਹ ਲਗਾਤਾਰ ਵਿਕਾਸ ਦੇ ਨਿੱਤ ਨਵੇਂ ਦਿਸਹੱਦਿਆਂ ਨੂੰ ਛੂੰਹਦਿਆਂ ਆਪਣੀਆਂ ਸੰਭਾਵਨਾਵਾਂ ਨੂੰ ਸਾਕਾਰ ਕਰ ਰਿਹਾ ਹੈ। ਇਸ ਵਿੱਚ ਮੌਜੂਦਾ ਸਾਇੰਸ ਬਲਾਕ ਦੀ ਬਿਲਡਿੰਗ ਜੁਲਾਈ 1965 ਤੋਂ ਹੀ ਬਣਨੀ ਸ਼ੁਰੂ ਹੋ ਗਈ ਸੀ ਅਤੇ ਪ੍ਰਿੰਸੀਪਲ ਸ਼੍ਰੀ ਬਾਜਪੇਈ ਦੀ ਮਿਹਨਤ ਸਦਕਾ ਆਰਟਸ ਦੀਆਂ ਕਲਾਸਾਂ ਲਈ 13 ਨਵੇਂ ਸ਼ੈੱਡ ਬਣਾਏ ਗਏ। 05-11-1970 ਨੂੰ ਕਾਲਜ ਵਿਚ ਪਹਿਲੀ ਵਾਰ ਪੋਸਟ ਗਰੈਜੂਏਟ ਕਲਾਸਾਂ ਐਮ.ਏ. ਇਕਨਾਮਿਕਸ ਦੇ ਰੂਪ ਵਿਚ ਸ਼ੁਰੂ ਕੀਤੀਆਂ ਗਈਆਂ ਅਤੇ ਫਿਰ ਜੁਲਾਈ 1973 ਵਿਚ ਐਮ.ਏ. ਰਾਜਨੀਤੀ ਸ਼ਾਸ਼ਤਰ ਦੀਆਂ ਕਲਾਸਾਂ ਵੀ ਸ਼ੁਰੂ ਹੋ ਗਈਆਂ ਸਨ ।

ਨਵਾਂ ਆਰਟਸ ਬਲਾਕ 1973-74 ਵਿਚ ਬਣਾਇਆ ਗਿਆ। ਸਮੇਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਕਾਲਜ ਵਿੱਚ ਜਿਮਨੇਜ਼ੀਅਮ ਹਾਲ ਬਣਾਇਆ ਗਿਆ । ਸਰਕਾਰ ਨੇ ਕਾਲਜ ਦੀਆਂ ਖੇਡਾਂ ਦੇ ਖੇਤਰ ਵਿੱਚ ਮਾਰੀਆਂ ਹੋਈਆਂ ਮੱਲਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਕ ਅੰਤਰ-ਰਾਸ਼ਟਰੀ ਪੱਧਰ ਵਾਲਾ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਤਿਆਰ ਕਰ ਇਸ ਨੂੰ ਕਾਲਜ ਦਾ ਮਾਣ ਬਣਾਇਆ। ਕਾਲਜ ਵਿੱਚ ਵਿਦਿਆਰਥੀਆਂ ਦੀ ਲਗਾਤਰ ਵਧ ਰਹੀਂ ਗਿਣਤੀ ਕਾਰਨ ਕਾਲਜ ਵਿੱਚ ਨਵੇਂ ਸਰੀਰਕ ਸਿੱਖਿਆ ਵਿਭਾਗ ਅਤੇ ਲਗਭਗ 1 ਕਰੋੜ ਦੀ ਲਾਗਤ ਨਾਲ ਨਵੀਂ ਬਿਲਡਿੰਗ ਭਾਈ ਮਹਾਂ ਸਿੰਘ ਬਲਾਕ ਦੀ ਤਾਮੀਰ ਹੋਈ ਜਿਸ ਵਿਚ ਇਕ ਹਾਲ, 4 ਵਿਭਾਗੀ ਕਮਰੇ ਤੇ 10 ਕਲਾਸ ਰੂਮ ਬਣਾਏ ਗਏ ।

ਰੂਸਾ ਗਰਾਂਟ ਅਧੀਨ 70 ਲੱਖ ਰੁਪਏ ਦੀ ਲਾਗਤ ਨਾਲ ਰੂਸਾ ਬਲਾਕ ਦੀ ਉਸਾਰੀ 2021 ਵਿੱਚ ਕਰਵਾਈ ਗਈ । ਜਿਸ ਵਿੱਚ ਤਿੰਨ ਕਲਾਸ ਰੂਮ, ਇੱਕ ਸੈਮੀਨਾਰ ਹਾਲ ਅਤੇ ਇੱਕ ਸਟਾਫ ਰੂਮ ਸ਼ਾਮਿਲ ਹੈ ।

ਇਹ ਚਾਨਣ-ਮੁਨਾਰਾ "ਮਸ਼ਾਲ-ਏ-ਮਾਲਵਾ" ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਧੁਨਿਕ ਤਕਨੀਕੀ ਸਹੂਲਤਾਂ ਅਨੁਸਾਰ ਤਿਆਰ ਸੁੰਦਰ ਇਮਾਰਤ, ਫੁੱਲ ਬੂਟਿਆਂ ਨਾਲ ਸਜੇ ਘਾਹ ਦੇ ਮੈਦਾਨ, ਪ੍ਰਾਕ੍ਰਿਤਕ ਅਤੇ ਸ਼ਾਂਤਮਈ ਵਾਤਾਵਰਣ, ਵਿਸ਼ਾਲ ਅਤੇ ਸ਼ਾਨਦਾਰ ਲਾਇਬ੍ਰੇਰੀ ਆਦਿ ਪੜ੍ਹਾਈ ਲਈ ਉੱਤਮ ਮਾਹੌਲ ਪ੍ਰਦਾਨ ਕਰਦੇ ਹਨ। ਬੀਤੇ ਸਾਲਾਂ ਵਿੱਚ ਇਸ ਕਾਲਜ ਨੇ ਵਿਭਿੰਨ ਪ੍ਰਾਪਤੀਆਂ ਨੂੰ ਆਪਣੇ ਸਿਰ ਕਰਦਿਆਂ ਕਈ ਰਾਜਨੀਤਿਕ ਨੇਤਾ, ਡਾਕਟਰ, ਵਕੀਲ, ਆਈ.ਏ.ਐਸ, ਪੀ.ਸੀ.ਐਸ, ਜੱਜ, ਪ੍ਰਾਧਿਆਪਕ, ਅਧਿਆਪਕ, ਸਿੱਖਿਆ ਸੰਸਥਾਵਾਂ ਦੇ ਮਾਲਕ ਤੇ ਉਦਯੋਗਾਂ ਦੇ ਮਾਲਕ ਸਮਾਜ ਨੂੰ ਪ੍ਰਦਾਨ ਕੀਤੇ ਹਨ ।

ਉੱਚ ਵਿੱਦਿਆ ਪ੍ਰਾਪਤ, ਮਿਹਨਤੀ ਅਤੇ ਸੂਝਵਾਨ ਸਟਾਫ਼ ਦੀ ਯੋਗ ਅਗਵਾਈ ਸਦਕਾ ਇਸ ਕਾਲਜ ਦੇ ਨਤੀਜੇ ਹਰ ਸਾਲ ਸ਼ਾਨਦਾਰ ਆਉਂਦੇ ਹਨ। ਕਾਲਜ ਵਿਚਲੇ ਅਕਾਦਮਿਕ ਅਤੇ ਪ੍ਰਸ਼ਾਸਨਿਕ ਪ੍ਰਬੰਧ ਦੇ ਸੁਚਾਰੂ ਸੰਚਾਲਨ ਲਈ ਗਠਿਤ ਵੱਖ-ਵੱਖ ਸਭਾਵਾਂ, ਸੁਸਾਇਟੀਆਂ ਅਤੇ ਕਮੇਟੀਆਂ ਤੋਂ ਇਲਾਵਾ ਓਲਡ ਸਟੂਡੈਂਟਸ ਐਸੋਸੀਏਸ਼ਨ ਅਤੇ ਮਾਪੇ-ਅਧਿਆਪਕ ਐਸੋਸੀਏਸ਼ਨ ਆਦਿ ਕਾਰਜਸ਼ੀਲ ਹਨ।

ਇਹ ਕਾਲਜ ਸਿੱਖਿਆ, ਸੱਭਿਆਚਾਰ, ਰਾਜਨੀਤਿਕ, ਆਰਥਿਕ, ਸਮਾਜਿਕ, ਧਾਰਮਿਕ, ਕਲਾ ਅਤੇ ਖੇਡਾਂ ਆਦਿ ਦੇ ਖੇਤਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਂਦਾ ਆ ਰਿਹਾ ਹੈ ਅਤੇ ਹਮੇਸ਼ਾ ਪਾਉਂਦਾ ਰਹੇਗਾ।

## ਮਾਟੋ :- ਗਿਆਨ ਕਰਮ ਮੋਕਸ਼

ਕਾਲਜ ਦਾ ਮਾਟੋ ਗਿਆਨ ਕਰਮ ਮੋਕਸ਼ ਆਪਣੇ ਆਪ ਵਿੱਚ ਜ਼ਿੰਦਗੀ ਵਿੱਚ ਸਫਲਤਾ ਦਾ ਗੁੱਝਾ ਭੇਦ ਸਮੋਈ ਬੈਠਾ ਹੈ।

**ਗਿਆਨ** :- ਕਿਸੇ ਵਿਦਵਾਨ ਨੇ ਕਿਹਾ ਹੈ "ਗਿਆਨ ਹੀ ਸ਼ਕਤੀ ਹੈ"। ਗਿਆਨ ਪ੍ਰਾਪਤ ਕਰਨਾ, ਗਿਆਨ ਸੰਚਿਤ ਕਰਨਾ ਅਤੇ ਗਿਆਨ ਨੂੰ ਅੱਗੇ ਤੋਰਨਾ ਵਿੱਦਿਆ ਦੇ ਮਹਾਨ ਉਦੇਸ਼ ਹਨ। ਗਿਆਨ ਭਾਵੇਂ ਬੌਧਿਕ ਹੋਵੇ ਜਾਂ ਆਤਮਿਕ, ਦੁਨਿਆਵੀ ਹੋਵੇ ਜਾਂ ਅਧਿਆਤਮਕ, ਸਿਧਾਂਤਕ ਹੋਵੇ ਜਾਂ ਸਿਰਜਣਾਤਮਕ ਗਿਆਨ ਹੀ ਜੀਵਨ ਦੇ ਵਿਕਾਸ ਦਾ ਅਧਾਰ ਹੈ। ਗਿਆਨ ਨਾਲ ਹੀ ਅਸੀਂ ਸੋਚਦੇ ਹਾਂ, ਵਿਚਾਰ ਕਰਦੇ ਹਾਂ ਅਤੇ ਕਰਮ ਕਰਦੇ ਹਾਂ।

**ਕਰਮ** :- ਕਰਮ ਤੋਂ ਭਾਵ ਹੈ ਕ੍ਰਿਆਸ਼ੀਲ ਹੋਣਾ, ਜੜ੍ਹਤਾ ਤੋਂ ਪੱਲਾ ਛੁਡਾਉਣਾ। ਕਰਮ ਕਦੇ ਵੀ ਨਿਰਾਰਥਕ ਨਹੀਂ ਹੁੰਦੇ ਕਰਮ ਤੋਂ ਭਾਵ ਸੱਚ ਦੀ ਖੋਜ ਅਤੇ ਉਸਾਰੂ ਵਿਕਾਸ ਲਈ ਅਗਾਂਹ ਵਧਣਾ ਹੈ। ਸਾਡੇ ਕਰਮ ਇਕੱਠੇ ਹੋ ਕੇ ਸਾਡੀ ਪੂੰਜੀ ਅਤੇ ਸੰਸਕਾਰ ਬਣਦੇ ਹਨ । ਕਾਲਜ ਦੀ ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ ਨੂੰ ਪੁਰਸ਼ਾਰਥ ਵਾਲੇ ਕਰਮ ਕਰਨ ਲਈ ਪ੍ਰੇਰਿਤ ਕਰਨਾ ਹੈ।

**ਮੋਕਸ਼** :- ਅਸੀਂ ਅਜ਼ਾਦ ਪੈਦਾ ਹੁੰਦੇ ਹਾਂ ਪਰ ਜਿਉਂ ਹੀ ਅਸੀਂ ਵੱਡੇ ਹੁੰਦੇ ਹਾਂ ਮੋਹ-ਮਾਇਆ, ਜਾਤ-ਪਾਤ, ਧਰਮ ਅਤੇ ਸਵਾਰਥ ਦੇ ਸੰਗਲਾਂ ਵਿਚ ਜਕੜੇ ਜਾਂਦੇ ਹਾਂ। ਮੋਕਸ਼ ਤੋਂ ਭਾਵ ਦੁਨਿਆਵੀ ਆਵਾਗਮਨ ਤੋਂ ਮੁਕਤੀ ਜਾਂ ਅਜ਼ਾਦੀ ਨਹੀਂ ਸਗੋਂ ਇਸ ਦਾ ਭਾਵ ਹੈ ਪੰਜ ਵਿਕਾਰਾਂ, ਗਰੀਬੀ, ਲਾਚਾਰੀ, ਬੇਰੁਜ਼ਗਾਰੀ, ਤੰਗ ਸੋਚ, ਸਵਾਰਥ ਅਤੇ ਦੁਈ-ਦਵੈਤ ਤੋਂ ਮੁਕਤੀ ਪ੍ਰਾਪਤ ਕਰ ਕੇ ਆਪਣੀ ਸ਼ਖ਼ਸੀਅਤ ਦਾ ਵਿਕਾਸ ਕਰਨਾ ਹੈ।

## ਸਟਾਫ਼

ਪ੍ਰਿੰਸੀਪਲ : ਪ੍ਰੋ. ਸਤਵੰਤ ਕੌਰ

## ਅੰਗਰੇਜ਼ੀ ਵਿਭਾਗ

| | | | |
|---|---|---|---|
| 1. | ਪ੍ਰੋ. (ਡਾ.) ਰੀਤਇੰਦਰ ਜੋਸ਼ੀ | ਪ੍ਰੋਫੈਸਰ | ਐਮ.ਏ., ਪੀ.ਐਚ.ਡੀ. |
| 2. | ਪ੍ਰੋ. ਆਸ਼ਾ (ਆਰਜ਼ੀ ਬਦਲੀ) | ਪਾਰਟ ਟਾਈਮ ਲੈਕਚਰਾਰ | ਐਮ.ਏ. ਐਮ.ਫਿਲ. ਨੈੱਟ |
| 3. | ਪ੍ਰੋ. ਕੰਵਲਪ੍ਰੀਤ ਕੌਰ | ਪਾਰਟ ਟਾਈਮ ਲੈਕਚਰਾਰ | ਐਮ.ਏ. ਐਮ.ਫਿਲ. ਨੈੱਟ |
| 4. | ਪ੍ਰੋ. ਰੀਤੂ ਗਰਗ (ਆਰਜ਼ੀ ਬਦਲੀ) | ਗੈਸਟ ਫੈਕਲਟੀ | |
| 5. | ਖਾਲੀ | | |

## ਪੰਜਾਬੀ ਵਿਭਾਗ

| | | | |
|---|---|---|---|
| 1. | ਪ੍ਰੋ. ਕੰਵਰਜੀਤ ਸਿੰਘ | ਗੈਸਟ ਫੈਕਲਟੀ | |
| 2. | ਪ੍ਰੋ. ਕੁਲਵਿੰਦਰ ਸ਼ਰਮਾ | ਗੈਸਟ ਫੈਕਲਟੀ | |
| 3. | ਪ੍ਰੋ. ਜਸਕਰਨ ਸਿੰਘ | ਗੈਸਟ ਫੈਕਲਟੀ | |
| 4. | ਪ੍ਰੋ. ਸ਼ਿੰਦਰਪਾਲ ਕੌਰ | ਗੈਸਟ ਫੈਕਲਟੀ | |
| 5. | ਖਾਲੀ | | |
| 6. | ਖਾਲੀ | | |

## ਸਰੀਰਕ ਸਿੱਖਿਆ ਵਿਭਾਗ

| | | | |
|---|---|---|---|
| 1. | ਪ੍ਰੋ. ਹਰਦਵਿੰਦਰ ਸਿੰਘ | ਅਸਿਸਟੈਂਟ ਪ੍ਰੋਫੈਸਰ | ਐਮ.ਪੀ.ਐਡ. ਨੈੱਟ |
| 2. | ਪ੍ਰੋ. ਰਾਜੇਸ਼ ਗੋਦਾਰਾ | ਗੈਸਟ ਫੈਕਲਟੀ | |
| 3. | ਖਾਲੀ | | |
| 4. | ਖਾਲੀ | | |

## ਅਰਥ-ਸ਼ਾਸਤਰ ਵਿਭਾਗ

| | | | |
|---|---|---|---|
| 1. | ਪ੍ਰੋ. ਕਮਲਜੀਤ ਕੌਰ | ਪਾਰਟ ਟਾਈਮ ਲੈਕਚਰਾਰ | ਐਮ.ਏ.,ਐਮ.ਫਿਲ., ਨੈੱਟ |
| 2. | ਪ੍ਰੋ. ਹਰਮੀਤ ਕੌਰ | ਗੈਸਟ ਫੈਕਲਟੀ | |
| 3. | ਖਾਲੀ | | |
| 4. | ਖਾਲੀ | | |

## ਰਾਜਨੀਤੀ ਸ਼ਾਸਤਰ ਵਿਭਾਗ

| | | | |
|---|---|---|---|
| 1. | ਪ੍ਰੋ. ਗੁਰਮੀਤ ਕੌਰ (ਆਰਜੀ ਬਦਲੀ) | ਪਾਰਟ ਟਾਈਮ ਲੈਕਚਰਾਰ | ਐਮ.ਏ., ਐਮ. ਫਿਲ |
| 2. | ਡਾ. ਹਰਿੰਦਰਜੀਤ ਕੌਰ | ਪਾਰਟ ਟਾਈਮ ਲੈਕਚਰਾਰ | ਐਮ.ਏ., ਐਮ.ਫਿਲ,ਪੀ.ਐਚ.ਡੀ. |
| 3. | ਪ੍ਰੋ. ਗੁਰਬਾਜ ਸਿੰਘ | ਪਾਰਟ ਟਾਈਮ ਲੈਕਚਰਾਰ | ਐਮ.ਏ. |
| 4. | ਪ੍ਰੋ. ਜੋਬਨਜੀਤ ਸਿੰਘ | ਗੈਸਟ ਫੈਕਲਟੀ | |

## ਇਤਿਹਾਸ ਵਿਭਾਗ

| | | | |
|---|---|---|---|
| 1. | ਡਾ. ਪੁਸ਼ਪਿੰਦਰ ਸਿੰਘ | ਪਾਰਟ ਟਾਈਮ ਲੈਕਚਰਾਰ | ਐਮ.ਏ.,ਐਮ.ਫਿਲ.,ਪੀ.ਐਚ.ਡੀ. |
| 2. | ਪ੍ਰੋ. ਸਾਗਰ ਕੁਮਾਰ | ਪਾਰਟ ਟਾਈਮ ਲੈਕਚਰਾਰ | ਐਮ.ਏ., ਐਮ.ਫਿਲ., ਨੈੱਟ |
| 3. | ਪ੍ਰੋ. ਬੂਟਾ ਸਿੰਘ | ਗੈਸਟ ਫੈਕਲਟੀ | |

**ਹਿਸਾਬ ਵਿਭਾਗ**

| | | | |
|---|---|---|---|
| 1. | ਪ੍ਰੋ. ਜਗਦੀਪ ਕੁਮਾਰ | ਪਾਰਟ ਟਾਈਮ ਲੈਕਚਰਾਰ | ਐਮ.ਏ. |
| 2. | ਖਾਲੀ | | |
| 3. | ਖਾਲੀ | | |

**ਸੰਗੀਤ ਵਿਭਾਗ**

| | | | |
|---|---|---|---|
| 1. | ਪ੍ਰੋ. ਮਨਜੀਤ ਕੌਰ | ਪਾਰਟ ਟਾਈਮ ਲੈਕਚਰਾਰ | ਐਮ.ਏ. |

**ਦਰਸ਼ਨ ਸ਼ਾਸਤਰ ਵਿਭਾਗ**

| | | | |
|---|---|---|---|
| 1. | ਪ੍ਰੋ: ਰਜਿੰਦਰ ਸਿੰਘ | ਅਸਿਸਟੈਂਟ ਪ੍ਰੋਫੈਸਰ | ਐਮ.ਏ., ਐਮ.ਫਿਲ., ਨੈੱਟ |
| 2. | ਪ੍ਰੋ. ਨਵਦੀਪ ਸਿੰਘ | ਗੈਸਟ ਫੈਕਲਟੀ | |

**ਭੂਗੋਲ ਵਿਭਾਗ**

| | | |
|---|---|---|
| 1. | ਪ੍ਰੋ. ਮਨਜੀਤ ਸਿੰਘ | ਗੈਸਟ ਫੈਕਲਟੀ |
| 2. | ਖਾਲੀ | |
| 3. | ਖਾਲੀ | |

**ਹਿੰਦੀ ਵਿਭਾਗ**

1. ਖਾਲੀ
2. ਖਾਲੀ

**ਕੰਪਿਊਟਰ ਸਾਇੰਸ ਵਿਭਾਗ**

1. ਖਾਲੀ

**ਸੰਸਕ੍ਰਿਤ ਵਿਭਾਗ**

1. ਖਾਲੀ

**ਕਮਰਸ ਵਿਭਾਗ**

| | | |
|---|---|---|
| 1. | ਪ੍ਰੋ. ਕਿਰਨਜੀਤ ਕੌਰ | ਗੈਸਟ ਫੈਕਲਟੀ |
| 2. | ਪ੍ਰੋ. ਈਸ਼ਾ ਜੁਨੇਜਾ | ਗੈਸਟ ਫੈਕਲਟੀ |
| 3. | ਖਾਲੀ | |
| 4. | ਖਾਲੀ | |

**ਭੌਤਿਕ ਵਿਗਿਆਨ (ਫ਼ਿਜ਼ੀਕਸ) ਵਿਭਾਗ**

| | | |
|---|---|---|
| 1. | ਪ੍ਰੋ. ਰਿੰਕੂ ਧਮੀਜਾ | ਗੈਸਟ ਫੈਕਲਟੀ |
| 2. | ਖਾਲੀ | |
| 3. | ਖਾਲੀ | |

**ਰਸਾਇਣ ਵਿਗਿਆਨ (ਕੈਮਿਸਟਰੀ) ਵਿਭਾਗ**

| | | |
|---|---|---|
| 1. | ਪ੍ਰੋ. ਮਨਦੀਪ ਕੁਮਾਰ | ਗੈਸਟ ਫੈਕਲਟੀ |
| 2. | ਖਾਲੀ | |
| 3. | ਖਾਲੀ | |

## ਬਨਸਪਤੀ ਵਿਗਿਆਨ (ਬਾਟਨੀ) ਵਿਭਾਗ

| | | | |
|---|---|---|---|
| 1. | ਪ੍ਰੋ: ਜਗਨਦੀਪ ਕੁਮਾਰ | ਅਸਿਸਟੈਂਟ ਪ੍ਰੋਫੈਸਰ | ਐਮ.ਐਸ.ਸੀ. ਨੈੱਟ |
| 2. | ਖਾਲੀ | | |

## ਜੀਵ ਵਿਗਿਆਨ (ਜ਼ੁਆਲੋਜੀ) ਵਿਭਾਗ

| | | |
|---|---|---|
| 1. | ਪ੍ਰੋ. ਸਿਮਰਤਪਾਲ ਸਿੰਘ | ਗੈਸਟ ਫੈਕਲਟੀ |
| 2. | ਖਾਲੀ | |

## ਨਾਨ-ਟੀਚਿੰਗ ਸਟਾਫ

### ਦਫ਼ਤਰੀ ਸਟਾਫ

| | | |
|---|---|---|
| 1. | ਖਾਲੀ | ਸੁਪਰਡੈਂਟ |
| 2. | ਸ. ਦੌਲਧ ਸਿੰਘ | ਜੂਨੀਅਰ ਸਹਾਇਕ |
| 3. | ਸ. ਸੁਮਿੰਦਰ ਸਿੰਘ | ਜੂਨੀਅਰ ਸਹਾਇਕ |
| 4. | ਸ. ਚਰਨਜੀਤ ਸਿੰਘ | ਕਲਰਕ |
| 5. | ਸ੍ਰੀਮਤੀ ਅੰਜੂ | ਕਲਰਕ |
| 6. | ਖਾਲੀ | ਕਲਰਕ |
| 7. | ਖਾਲੀ | ਸਟੈਨੋ |

### ਤਬਲਾ ਇੰਸਟਰਕਟਰ

1. ਖਾਲੀ

### ਲਾਇਬ੍ਰੇਰੀ ਸਟਾਫ

| | |
|---|---|
| 1. ਖਾਲੀ | ਲਾਇਬ੍ਰੇਰੀਅਨ |
| 2. ਖਾਲੀ | ਲਾਇਬ੍ਰੇਰੀਅਨ |
| 3. ਖਾਲੀ | ਰਿਸਟੋਰਰ |
| 4. ਖਾਲੀ | ਲਾਇਬ੍ਰੇਰੀ ਅਟੈਂਡੈਂਟ |
| 5. ਖਾਲੀ | ਲਾਇਬ੍ਰੇਰੀ ਅਟੈਂਡੈਂਟ |
| 6. ਖਾਲੀ | ਲਾਇਬ੍ਰੇਰੀ ਅਟੈਂਡੈਂਟ |

### ਲੈਬਾਰਟਰੀ ਸਟਾਫ

### ਐਸ.ਐਲ.ਏ.

| | |
|---|---|
| 1. ਖਾਲੀ | ਰਸਾਇਣ ਵਿਭਾਗ |
| 2. ਖਾਲੀ | ਜੀਵ-ਜੰਤੂ ਵਿਭਾਗ |
| 3. ਖਾਲੀ | ਬਨਸਪਤੀ ਵਿਭਾਗ |
| 4. ਖਾਲੀ | ਭੌਤਿਕ ਵਿਭਾਗ |
| 5. ਖਾਲੀ | ਭੂਗੋਲ ਵਿਭਾਗ |

### ਜੇ.ਐਲ.ਏ.

| | |
|---|---|
| 1. ਖਾਲੀ | 2. ਖਾਲੀ |
| 3. ਖਾਲੀ | 4. ਖਾਲੀ |
| 5. ਖਾਲੀ | 6. ਖਾਲੀ |
| 7. ਖਾਲੀ | |

### ਸੀਨੀਅਰ ਐਲ.ਏ.

1. ਖਾਲੀ 2.ਖਾਲੀ

### ਲੈਬਾਰਟਰੀ ਅਟੈਂਡੈਂਟ

1. ਸ. ਰਘਬੀਰ ਸਿੰਘ
2. ਖਾਲੀ 3. ਖਾਲੀ

### ਸੇਵਾਦਾਰ

1. ਸ.ਸੁਰਜੀਤ ਸਿੰਘ
2. ਸ੍ਰੀਮਤੀ ਵੀਰਪਾਲ ਕੌਰ
3. ਖਾਲੀ

### ਏ.ਪੀ.ਸੀ. ਵਾਟਰ ਮੈਨ

1. ਖਾਲੀ

### ਵਾਟਰ ਮੈਨ

1. ਸ. ਲਛਮਣ ਸਿੰਘ 2. ਖਾਲੀ

### ਬੇਲਦਾਰ

1. ਖਾਲੀ 2. ਖਾਲੀ

### ਮਾਲੀ

1. ਸ੍ਰੀ ਬੁੱਧ ਰਾਮ 2. ਖਾਲੀ

### ਚੌਂਕੀਦਾਰ

1. ਸ. ਅੰਗਰੇਜ ਸਿੰਘ 2. ਖਾਲੀ

### ਸਫਾਈ ਸੇਵਕ

1. ਸ. ਹਰਚਰਨ ਸਿੰਘ 2. ਖਾਲੀ

### ਗੈਸਮੈਨ

1. ਖਾਲੀ

### ਸਫਾਈ ਸੇਵਕ ਕਮ ਚੌਂਕੀਦਾਰ

1. ਖਾਲੀ

# ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ

ਅਕਾਦਮਿਕ ਸੈਸ਼ਨ 2022-23 ਲਈ ਵੱਖ ਵੱਖ ਕਲਾਸਾਂ ਦੇ ਦਾਖਲੇ ਸਬੰਧੀ ਹੇਠ ਲਿਖੀਆਂ ਕਮੇਟੀਆਂ ਦਾ ਗਠਨ ਕੀਤਾ ਜਾਂਦਾ ਹੈ :-

ਚੀਫ ਕੋ-ਆਰਡੀਨੇਟਰ : **ਡਾ. ਰੀਤਇੰਦਰ ਜੋਸ਼ੀ** ਮੋ: 98786-45105

## ਬੀ.ਏ. ਭਾਗ ਪਹਿਲਾ

1 ਪ੍ਰੋ: ਗੁਰਬਾਜ ਸਿੰਘ 98146-07186 (ਕਨਵੀਨਰ)
2 ਡਾ. ਪੁਸ਼ਪਿੰਦਰ ਸਿੰਘ ਮੈਂਬਰ
3 ਪ੍ਰੋ: ਮਨਜੀਤ ਕੌਰ ਮੈਂਬਰ
4 ਪ੍ਰੋ: ਕੰਵਲਪ੍ਰੀਤ ਕੌਰ ਮੈਂਬਰ
5 ਪ੍ਰੋ: ਕੰਵਰਜੀਤ ਸਿੰਘ ਮੈਂਬਰ
6 ਪ੍ਰੋ: ਨਵਦੀਪ ਸਿੰਘ ਮੈਂਬਰ

## ਬੀ.ਕਾਮ. ਭਾਗ ਪਹਿਲਾ, ਦੂਜਾ ਅਤੇ ਤੀਜਾ

1 ਪ੍ਰੋ: ਜਗਦੀਪ ਬੱਤਰਾ 95018-88991(ਕਨਵੀਨਰ)
2 ਪ੍ਰੋ: ਕਿਰਨਜੀਤ ਕੌਰ ਮੈਂਬਰ
3 ਪ੍ਰੋ: ਈਸ਼ਾ ਜੁਨੇਜਾ ਮੈਂਬਰ
4 ਪ੍ਰੋ: ਜਸਕਰਨ ਸਿੰਘ ਮੈਂਬਰ

## ਬੀ.ਏ. ਭਾਗ ਦੂਜਾ

1 ਪ੍ਰੋ: ਹਰਦਵਿੰਦਰ ਸਿੰਘ 88726-95008 (ਕਨਵੀਨਰ)
2 ਪ੍ਰੋ: ਰਜਿੰਦਰ ਸਿੰਘ ਮੈਂਬਰ
3 ਪ੍ਰੋ: ਮਨਜੀਤ ਸਿੰਘ ਮੈਂਬਰ
4 ਪ੍ਰੋ: ਰਾਜੇਸ਼ ਗੋਦਾਰਾ ਮੈਂਬਰ
5 ਪ੍ਰੋ: ਸਿੰਦਰਪਾਲ ਕੌਰ ਮੈਂਬਰ

## ਬੀ.ਐਸ.ਸੀ. ਭਾਗ ਪਹਿਲਾ, ਦੂਜਾ ਅਤੇ ਤੀਜਾ

1 ਪ੍ਰੋ: ਜਗਨਦੀਪ ਕੁਮਾਰ 86992-12132 (ਕਨਵੀਨਰ)
2 ਪ੍ਰੋ: ਰਿੰਕੂ ਧਮੀਜਾ ਮੈਂਬਰ
3 ਪ੍ਰੋ: ਮਨਦੀਪ ਕੁਮਾਰ ਮੈਂਬਰ
4 ਪ੍ਰੋ: ਸਿਮਰਤਪਾਲ ਸਿੰਘ ਮੈਂਬਰ

## ਬੀ.ਏ. ਭਾਗ ਤੀਜਾ

1 ਪ੍ਰੋ: ਸਾਗਰ ਕੁਮਾਰ 98140-62223 (ਕਨਵੀਨਰ)
2 ਪ੍ਰੋ: ਹਰਮੀਤ ਕੌਰ ਮੈਂਬਰ
3 ਪ੍ਰੋ: ਜੋਬਨਜੀਤ ਸਿੰਘ ਮੈਂਬਰ
4 ਪ੍ਰੋ: ਕੁਲਵਿੰਦਰ ਸ਼ਰਮਾ ਮੈਂਬਰ

## ਐਮ.ਏ. ਭਾਗ ਪਹਿਲਾ ਅਤੇ ਦੂਜਾ

(ਰਾਜਨੀਤੀ ਸ਼ਾਸਤਰ ਅਤੇ ਅਰਥਸ਼ਾਸਤਰ)

1 ਡਾ. ਹਰਿੰਦਰਜੀਤ ਕੌਰ 98760-67067 (ਕਨਵੀਨਰ)
2 ਪ੍ਰੋ: ਕਮਲਜੀਤ ਕੌਰ 99158-69512 (ਕਨਵੀਨਰ)
3 ਪ੍ਰੋ: ਬੂਟਾ ਸਿੰਘ ਮੈਂਬਰ

# ਪੜ੍ਹਾਈ ਦੇ ਵਿਸ਼ੇ ਅਤੇ ਦਾਖ਼ਲੇ ਲਈ ਨਿਯਮ

## ਸੀਟਾਂ ਬਾਰੇ ਜਾਣਕਾਰੀ

ਬੀ.ਏ. ਭਾਗ ਪਹਿਲਾ : : ਕੁੱਲ ਸੀਟਾਂ 650

ਵੱਖ-ਵੱਖ ਵਿਸ਼ਿਆਂ ਦੀਆਂ ਸੀਟਾਂ ਹੇਠ ਲਿਖੇ ਅਨੁਸਾਰ ਹਨ :-

| | |
|---|---|
| 1. ਇਤਿਹਾਸ | : 320 ਸੀਟਾਂ |
| 2. ਰਾਜਨੀਤੀ ਸ਼ਾਸਤਰ | : 320 ਸੀਟਾਂ |
| 3. ਭੂਗੋਲ | : 160 ਸੀਟਾਂ |
| 4. ਅਰਥ ਸ਼ਾਸਤਰ | : 160 ਸੀਟਾਂ |
| 5. ਦਰਸ਼ਨ ਸ਼ਾਸਤਰ | : 180 ਸੀਟਾਂ |
| 6. ਸਰੀਰਕ ਸਿੱਖਿਆ | : 240 ਸੀਟਾਂ |
| 7. ਪੰਜਾਬੀ ਇਲੈਕਟਿਵ | : 240 ਸੀਟਾਂ |
| 8. ਹਿੰਦੀ ਇਲੈਕਟਿਵ | : 180 ਸੀਟਾਂ |
| 9. ਹਿਸਾਬ | : 80 ਸੀਟਾਂ |
| 10. ਅੰਗਰੇਜ਼ੀ ਇਲੈਕਟਿਵ | : 80 ਸੀਟਾਂ |
| 11. ਸੰਗੀਤ (ਸਾਜ਼) | : 30 ਸੀਟਾਂ |
| ਬੀ.ਐਸ.ਸੀ. ਭਾਗ I, II & III (ਮੈਡੀਕਲ) | : 60 ਸੀਟਾਂ |
| ਬੀ.ਐਸ.ਸੀ. ਭਾਗ I, II & III (ਨਾਨ-ਮੈਡੀਕਲ) | : 80 ਸੀਟਾਂ |
| ਬੀ.ਕਾਮ. ਭਾਗ I, II & III | : 70 ਸੀਟਾਂ |
| ਐਮ.ਏ. I, II | : 60 ਸੀਟਾਂ |
| ਅਰਥ ਸ਼ਾਸਤਰ ਤੇ ਰਾਜਨੀਤੀ ਸ਼ਾਸਤਰ | |

ਬੀ.ਏ./ਬੀ.ਐਸ.ਸੀ./ਬੀ.ਕਾਮ. ਭਾਗ II, III ਅਤੇ ਐਮ.ਏ. ਵਿੱਚ ਪਹਿਲਾਂ ਉਹਨਾਂ ਵਿਦਿਆਰਥੀਆਂ ਨੂੰ ਦਾਖ਼ਲਾ ਮਿਲੇਗਾ ਜਿੰਨ੍ਹਾਂ ਨੇ ਪਿਛਲੀ ਕਲਾਸ ਇਸ ਕਾਲਜ ਵਿੱਚੋਂ ਹੀ ਪਾਸ ਕੀਤੀ ਹੈ।

### ਸੈਲਫ ਫਾਇਨਾਂਸ ਕੋਰਸ

| | |
|---|---|
| ਐਮ.ਐਸ.ਸੀ. ਹਿਸਾਬ ਭਾਗ I ਅਤੇ II | : 60 ਸੀਟਾਂ |
| ਬੀ.ਸੀ.ਏ. ਭਾਗ I, II ਅਤੇ III | : 40 ਸੀਟਾਂ |
| ਐਮ. ਏ. ਭਾਗ I ਅਤੇ II | : 60 ਸੀਟਾਂ |
| ਬੀ.ਬੀ.ਏ. | : 40 ਸੀਟਾਂ |
| ਬੀ.ਐਸ.ਸੀ. ਐਗਰੀਕਲਚਰ | |
| 5ਵਾਂ ਅਤੇ 7ਵਾਂ ਸਮੈਟਰ | : 40 ਸੀਟਾਂ |
| ਪੀ.ਜੀ.ਡੀ.ਸੀ.ਏ. | : 40 ਸੀਟਾਂ |

### ਕਿੱਤਾ ਮੁੱਖੀ ਕੋਰਸ

| | |
|---|---|
| Certificate / Diploma in I.T. Enabled Courses<br>Data Entry Operator, Payroll System, Call Centre<br>Medical Billing, Cash Counter Billing<br>ਦਾ ਕੰਮ ਕਰਨ ਲਈ ਕੋਰਸ | 6 ਮਹੀਨੇ |
| Certificate Course in Enterepreneurship, Creativity and Innovations in Bussiness<br>ਸਵੈ ਰੋਜਗਾਰ ਖੋਲਣ ਲਈ ਕੋਰਸ | 6 ਮਹੀਨੇ |
| Certificate / Diploma in Orgenic Farming<br>ਜੈਵਿਕ ਖੇਤੀ ਨੂੰ ਉਤਸਾਹਿਤ ਕਰਨ ਲਈ ਕੋਰਸ | 6 ਮਹੀਨੇ |

ਕਿੱਤਾ ਮੁੱਖੀ ਕੋਰਸਾਂ ਲਈ ਵਿਦਿਅਕ ਯੋਗਤਾ 10+2 (ਆਰਟਸ/ਸਾਇੰਸ/ਕਾਮਰਸ) ਪਾਸ ਹੋਣੀ ਜਰੂਰੀ ਹੈ ।

## ਬੀ.ਏ. (ਤਿੰਨ ਸਾਲਾ ਡਿਗਰੀ ਕੋਰਸ)

| | | | |
|---|---|---|---|
| 1 ਅੰਗਰੇਜ਼ੀ (ਲਾਜ਼ਮੀ) | 2 ਪੰਜਾਬੀ (ਲਾਜ਼ਮੀ) | | |

ਵਿਦਿਆਰਥੀ ਨੂੰ ਉਪਰੋਕਤ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਹੇਠ ਲਿਖੇ ਵਿਸ਼ਿਆਂ ਵਿੱਚੋਂ ਤਿੰਨ ਚੋਣਵੇਂ ਵਿਸ਼ੇ ਰੱਖਣੇ ਪੈਣਗੇ।

| | | | |
|---|---|---|---|
| 3 ਰਾਜਨੀਤੀ ਸ਼ਾਸਤਰ | 4 ਅਰਥ-ਸ਼ਾਸਤਰ | 5 ਫਿਲਾਸਫੀ | 6 ਸੰਗੀਤ (ਸਾਜ਼) |
| 7 ਹਿਸਾਬ | ਇਤਿਹਾਸ | | (ਇਹਨਾਂ ਦੋਵਾਂ ਵਿੱਚੋਂ ਕੋਈ ਇਕ ਵਿਸ਼ਾ) |
| 8 ਪੰਜਾਬੀ ਇਲੈਕਟਿਵ | ਹਿੰਦੀ ਇਲੈਕਟਿਵ | ਅੰਗਰੇਜ਼ੀ ਇਲੈਕਟਿਵ | (ਇਹਨਾਂ ਤਿੰਨਾਂ ਵਿੱਚੋਂ ਕੋਈ ਇਕ ਵਿਸ਼ਾ) |
| 9 ਭੂਗੋਲ | ਸਰੀਰਕ ਸਿੱਖਿਆ | | (ਇਹਨਾਂ ਦੋਵਾਂ ਵਿੱਚੋਂ ਕੋਈ ਇਕ ਵਿਸ਼ਾ) |

10 ਕੰਪਿਊਟਰ ਸਾਇੰਸ ਜਾਂ ਚੋਣਵੇ ਵਿਸ਼ੇ (ਚੋਣਵੀਂ ਹਿੰਦੀ, ਚੋਣਵੀਂ ਪੰਜਾਬੀ, ਚੋਣਵੀਂ ਅੰਗਰੇਜ਼ੀ) ਵਿੱਚੋਂ ਕੋਈ ਇੱਕ ਵਿਸ਼ਾ ਲਿਆ ਜਾ ਸਕਦਾ ਹੈ

11 ਕੰਪਿਊਟਰ ਸਾਇੰਸ ਜਾਂ ਫਿਲਾਸਫੀ ਵਿੱਚੋਂ ਕੋਈ ਇੱਕ ਵਿਸ਼ਾ ਲਿਆ ਜਾ ਸਕਦਾ ਹੈ

12 ਹਿਸਾਬ ਜਾਂ ਰਾਜਨੀਤੀ ਸ਼ਾਸਤਰ ਵਿੱਚੋਂ ਕੇਵਲ ਇੱਕ ਹੀ ਵਿਸ਼ਾ ਲਿਆ ਜਾ ਸਕਦਾ ਹੈ (ਕਾਲਜ ਵੱਲੋਂ ਰੋਕ) ।

ਨੋਟ :

1. ਦੋ ਲਾਜ਼ਮੀ ਤੇ ਤਿੰਨ ਚੌਣਵੇਂ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀਆਂ ਲਈ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜਾ ਵਿੱਚੋਂ ਕਿਸੇ ਇੱਕ ਸਾਲ ਵਿੱਚ ਵਾਤਾਵਰਣ ਸਿੱਖਿਆ ਦਾ ਪੇਪਰ ਪਾਸ ਕਰਨਾ ਜਰੂਰੀ ਹੈ।
2. ਕੋਈ ਵੀ ਵਿਦਿਆਰਥੀ ਦੋ ਪ੍ਰੈਕਟੀਕਲ ਵਿਸ਼ਿਆਂ ਤੋਂ ਵੱਧ ਨਹੀਂ ਲੈ ਸਕਦਾ ।
3. ਦਿੱਤੇ ਗਏ ਵਿਸ਼ੇ ਸੰਯੋਜਨ (ਮੇਲ) ਵਿੱਚ ਪੰਜਾਬ ਸਰਕਾਰ / ਯੂਨੀਵਰਸਿਟੀ ਦੇ ਨਵੇਂ ਹੁਕਮਾਂ ਅਨੁਸਾਰ ਤਬਦੀਲੀ ਹੋ ਸਕਦੀ ਹੈ ।
4. ਬੀ.ਏ. ਦੇ ਪਹਿਲੇ ਸਮੈਸਟਰ ਵਿੱਚ ਪੜ੍ਹੇ ਗਏ ਵਿਸ਼ੇ ਹੀ ਵਿਦਿਆਰਥੀ ਨੇ ਬਾਕੀ ਸਮੈਸਟਰਾਂ ਵਿੱਚ ਪੜ੍ਹਨੇ ਹਨ ।
5. ਵਿਦਿਆਰਥੀ ਨੂੰ ਵਿਸ਼ੇ ਨਿਰੋਲ ਮੈਰਿਟ ਦੇ ਆਧਾਰ ਤੇ ਦਿੱਤੇ ਜਾਣਗੇ।
6. ਟਾਇਮ-ਟੇਬਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸੇ ਵੀ ਵਿਸ਼ੇ-ਸੰਜੋਗ ਤੇ ਰੋਕ ਲਗਾਈ ਜਾ ਸਕਦੀ ਹੈ।
7. ਜੇਕਰ ਕਿਸੇ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 15 ਤੋਂ ਘੱਟ ਹੋਵੇਗੀ ਤਾਂ ਉਹ ਵਿਸ਼ਾ ਸਮਾਪਤ ਕਰ ਦਿੱਤਾ ਜਾਵੇਗਾ ਅਤੇ ਵਿਸ਼ੇ ਸੰਯੋਗ ਨੂੰ ਧਿਆਨ ਵਿੱਚ ਰੱਖਦੇ ਹੋਏ ਹੋਰ ਵਿਸ਼ਾ ਦਿੱਤਾ ਜਾਵੇਗਾ ।
8. ਵੱਖ-ਵੱਖ ਸ਼੍ਰੇਣੀਆਂ ਲਈ ਰਾਖਵੇਂ ਕਰਨ ਦੀਆਂ ਹਦਾਇਤਾਂ ਦਾ ਪਾਲਣ ਕੀਤਾ ਜਾਵੇਗਾ ।

## ਬੀ.ਐਸ.ਸੀ. (ਮੈਡੀਕਲ ਅਤੇ ਨਾਨ-ਮੈਡੀਕਲ)

| | | |
|---|---|---|
| ਬੀ.ਐਸ.ਸੀ. ਲਈ ਲਾਜ਼ਮੀ ਵਿਸ਼ੇ : | ਬੀ.ਐਸ.ਸੀ. ਭਾਗ ਪਹਿਲਾ ਵਿੱਚ | : ਪੰਜਾਬੀ |
| | ਬੀ.ਐਸ.ਸੀ. ਭਾਗ ਦੂਜਾ ਵਿੱਚ | : ਅੰਗਰੇਜ਼ੀ |

ਉਕਤ ਤੋਂ ਇਲਾਵਾ ਵਿਦਿਆਰਥੀਆਂ ਨੂੰ ਹੇਠ ਲਿਖੇ ਵਿਸ਼ਿਆਂ ਵਿੱਚੋਂ ਤਿੰਨ ਚੌਣਵੇਂ ਵਿਸ਼ੇ ਰੱਖਣੇ ਪੈਣਗੇ ।

| | |
|---|---|
| ਬੀ.ਐਸ.ਸੀ. ਮੈਡੀਕਲ ਲਈ | : ਕੈਮਿਸਟਰੀ, ਬਾਟਨੀ ਅਤੇ ਜ਼ੁਆਲੋਜੀ |
| ਬੀ.ਐਸ.ਸੀ. ਨਾਨ-ਮੈਡੀਕਲ ਲਈ | : ਕੈਮਿਸਟਰੀ, ਫਿਜ਼ਿਕਸ ਅਤੇ ਗਣਿਤ |

ਨੋਟ : ਬੀ.ਐਸ.ਸੀ. ਦੇ ਵਿਦਿਆਰਥੀਆਂ ਲਈ 6 ਸਮੈਸਟਰਾਂ ਵਿੱਚੋਂ ਕਿਸੇ ਇੱਕ ਸਮੈਸਟਰ ਵਿੱਚ ਵਾਤਾਵਰਣ ਸਿੱਖਿਆ ਅਤੇ ਸੜਕ ਸੁਰੱਖਿਆ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੈ।

## ਬੀ.ਕਾਮ. ਭਾਗ ਪਹਿਲਾ ਵਿਚ ਦਾਖ਼ਲੇ ਲਈ ਸ਼ਰਤਾਂ

1. 10+2 ਕਾਮਰਸ ਗਰੁੱਪ ਵਿੱਚੋਂ ਘੱਟੋ-ਘੱਟ 40% ਨੰਬਰ ਹੋਣ ।
2. 10+2 ਆਰਟਸ ਗਰੁੱਪ ਵਿੱਚੋਂ ਇਕਨਾਮਿਕਸ ਜਾਂ ਗਣਿਤ ਵਿੱਚੋਂ ਜੇਕਰ ਕੋਈ ਇੱਕ ਵਿਸ਼ਾ ਪੜ੍ਹਿਆ ਹੋਵੇ ਤਾਂ ਘੱਟੋ-ਘੱਟ 45% ਨੰਬਰ ਹੋਣੇ ਚਾਹੀਦੇ ਹਨ ।
3. 10+2 ਆਰਟਸ ਜਾਂ ਸਾਇੰਸ ਗਰੁੱਪ ਵਿੱਚੋਂ ਜਿਸ ਨੇ ਕਾਮਰਸ ਜਾਂ ਇਕਨਾਮਿਕਸ ਵਿੱਚੋਂ ਕੋਈ ਵੀ ਵਿਸ਼ਾ ਨਾ ਪੜ੍ਹਿਆ ਹੋਵੇ ਤਾਂ ਘੱਟੋ-ਘੱਟ 50% ਨੰਬਰ ਹੋਣੇ ਚਾਹੀਦੇ ਹਨ ।
4. ਬੀ.ਕਾਮ. ਭਾਗ ਪਹਿਲਾ ਵਿੱਚ ਫ਼ੇਲ੍ਹ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਮਿਲੇਗਾ।
5. ਬੀ.ਕਾਮ. ਭਾਗ ਪਹਿਲਾ ਦਾ ਦਾਖ਼ਲਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਮੈਰਿਟ ਦੇ ਆਧਾਰ ਤੇ ਹੋਵੇਗਾ।

## ਬੀ . ਕਾਮ . ਭਾਗ ਪਹਿਲਾ, ਦੂਜਾ ਅਤੇ ਤੀਜਾ

ਬੀ. ਕਾਮ. ਭਾਗ ਪਹਿਲਾ, ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਨੂੰ ਵਿਸ਼ਿਆਂ ਬਾਰੇ ਬਾਕੀ ਜਾਣਕਾਰੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਕਾਮਰਸ ਵਿਭਾਗ ਵੱਲੋਂ ਪ੍ਰਦਾਨ ਕੀਤੀ ਜਾਵੇਗੀ ।

## ਬੀ .ਸੀ .ਏ . (ਤਿੰਨ ਸਾਲਾ ਡਿਗਰੀ ਕੋਰਸ)

1ਦਸਵੀਂ ਕਲਾਸ ਹਿਸਾਬ ਵਿਸ਼ੇ ਨਾਲ ਪਾਸ ਕੀਤੀ ਹੋਵੇ ਅਤੇ 10+2 ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ ।

2ਬੀ.ਸੀ.ਏ. ਭਾਗ ਪਹਿਲਾ ਦਾ ਦਾਖਲਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਮੈਰਿਟ ਦੇ ਅਧਾਰ ਤੇ ਹੋਵੇਗਾ।

## ਪੀ .ਜੀ .ਡੀ .ਸੀ .ਏ . (ਇਕ ਸਾਲਾ ਡਿਗਰੀ ਕੋਰਸ)

ਬੈਚੁਲਰ ਡਿਗਰੀ ਘੱਟੋ ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ ।

ਜਾਂ

ਬੀ.ਏ. / ਬੀ.ਟੈਕ.

ਜਾਂ

ਕੋਈ ਵੀ ਇਮਤਿਹਾਨ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਉਪਰੋਕਤ ਦੇ ਬਰਾਬਰ ਹੋਵੇ।

## ਬੀ .ਬੀ .ਏ . (ਤਿੰਨ ਸਾਲਾ ਡਿਗਰੀ ਕੋਰਸ)

1ਵਿਦਿਆਰਥੀ ਨੇ +2 ਪ੍ਰੀਖਿਆ ਘੱਟੋ ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ ।

2ਬੀ.ਬੀ.ਏ. ਭਾਗ ਪਹਿਲਾ ਦਾ ਦਾਖਲਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਦਿੱਤੇ ਗਏ ਨਿਰਦੇਸਾਂ ਅਨੁਸਾਰ ਮੈਰਿਟ ਦੇ ਅਧਾਰ ਤੇ ਹੋਵੇਗਾ ।

## ਬੀ .ਐਸ .ਸੀ . (ਐਗਰਕੀਲਚਰ) 4 ਸਾਲਾ ਕੋਰਸ

ਬੀ.ਐਸ.ਸੀ. (ਐਗਰੀਕਲਚਰ) ਵਿੱਚ ਦਾਖਲਾ ਸਿਰਫ ਪੰਜਵੇਂ ਸਮੈਸਟਰ ਅਤੇ ਸੱਤਵੇਂ ਸਮੈਸਟਰ ਦੇ ਵਿਦਿਆਰਥੀਆਂ ਲਈ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਦਿਸ਼ਾ ਨਿਰਦੇਸਾ ਅਨੁਸਾਰ ਹੋਵੇਗਾ ।

## ਐਮ .ਏ . ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਅਤੇ ਐਮ .ਐਸ .ਸੀ .(ਹਿਸਾਬ) ਭਾਗ ਪਹਿਲਾ

ਐਮ.ਏ. ਭਾਗ ਪਹਿਲਾ ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥੀ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ :-

1 ਬੀ.ਏ./ਬੀ.ਐਡ./ਬੀ.ਕਾਮ/ਬੀ.ਪੀ.ਐਡ./ਐਲ.ਐਲ.ਬੀ. ਆਦਿ ਦੇ ਕੁੱਲ ਅੰਕਾਂ ਵਿੱਚੋਂ 50% ਅੰਕ ਪ੍ਰਾਪਤ ਕੀਤੇ ਹੋਣ।

2 ਐਮ.ਏ. ਨਾਲ ਸਬੰਧਤ ਵਿਸ਼ੇ ਵਿੱਚੋਂ ਕੁੱਲ ਮਿਲਾ ਕੇ 45% ਅੰਕ ਬੀ.ਏ. ਦੇ ਸਾਰੇ ਸਮੈਸਟਰਾਂ ਭਾਵ 6 ਸਮੈਸਟਰਾਂ ਵਿੱਚੋਂ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ । ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਇਹ ਅੰਕ 40% ਹਨ।

3 ਪਹਿਲਾਂ ਕਿਸੇ ਹੋਰ ਵਿਸ਼ੇ ਵਿੱਚ ਐਮ.ਕਾਮ./ਐਮ.ਏ./ਐਮ.ਐਸ.ਸੀ. ਆਦਿ ਕੀਤੀ ਹੋਵੇ ।

4 ਬੀ.ਏ. ਦੇ ਪਹਿਲੇ ਸਮੈਸਟਰ ਅਤੇ ਦੂਜੇ ਸਮੈਸਟਰ ਵਿੱਚ ਰੀਪੀਅਰ ਵਾਲੇ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਮਿਲੇਗਾ ।

5 ਪੰਜਾਬ ਯੂਨੀਵਰਸਿਟੀ ਤੋਂ ਬਿਨਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਬੀ.ਏ. ਕਰਨ ਵਾਲੇ ਵਿਦਿਆਰਥੀ ਪਾਸ ਹੋਣੇ ਜ਼ਰੂਰੀ ਹਨ, ਰੀਪੀਅਰ ਵਾਲੇ ਵਿਦਿਆਰਥੀ ਨੂੰ ਦਾਖ਼ਲਾ ਨਹੀਂ ਮਿਲੇਗਾ ।

## ਦਾਖ਼ਲਾ ਲੈਣ ਸਮੇਂ ਧਿਆਨ ਰੱਖਣ ਯੋਗ ਗੱਲਾ

### 1. ਦਾਖ਼ਲਾ ਫ਼ਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ :-

(ੳ) ਦਾਖ਼ਲਾ ਫ਼ਾਰਮ:- ਵਿਦਿਆਰਥੀ ਵੱਲੋਂ ਦਾਖ਼ਲਾ ਫ਼ਾਰਮ ਹਰ ਪੱਖ ਤੋਂ ਮੁਕੰਮਲ ਕਰਕੇ ਦਿੱਤਾ ਜਾਵੇ।

(ਅ) ਪਾਸਪੋਰਟ ਸਾਈਜ਼ ਤਸਵੀਰ :- ਹਰ ਵਿਦਿਆਰਥੀ ਦੇ ਦਾਖ਼ਲਾ ਫ਼ਾਰਮ ਤੇ ਨਿਸ਼ਚਿਤ ਸਥਾਨ ਉੱਪਰ ਪਾਸਪੋਰਟ ਸਾਈਜ਼ ਦੀ ਤਸਵੀਰ ਗੂੰਦ ਨਾਲ ਚਿਪਕੀ ਹੋਣੀ ਜਰੂਰੀ ਹੈ।

(ੲ)ਆਚਰਨ ਸਰਟੀਫਿਕੇਟ :- ਇਸ ਕਾਲਜ ਵਿੱਚ ਪਹਿਲੀ ਵਾਰ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਲਈ ਇਹ ਸਰਟੀਫਿਕੇਟ ਉਸ ਸੰਸਥਾ ਦੇ ਮੁਖੀ ਵੱਲੋਂ ਪ੍ਰਦਾਨ ਕੀਤਾ ਹੋਵੇ ਜਿੱਥੇ ਵਿਦਿਆਰਥੀ ਸਭ ਤੋਂ ਅੰਤ ਵਿਚ ਪੜ੍ਹਿਆ ਹੈ । ਪ੍ਰਾਈਵੇਟ ਵਿਦਿਆਰਥੀ ਕਿਸੇ ਗਜ਼ਟਿਡ ਅਫ਼ਸਰ ਵੱਲੋਂ ਤਸਦੀਕ ਸ਼ੁਦਾ ਸਰਟੀਫਿਕੇਟ ਦੇ ਸਕਦੇ ਹਨ। ਇਹ ਸਰਟੀਫਿਕੇਟ ਦਾਖ਼ਲ ਹੋਣ ਵੇਲੇ ਤਿੰਨ ਮਹੀਨੇ ਤੋਂ ਪਹਿਲਾਂਦੀ ਤਾਰੀਖ ਦਾ ਜਾਰੀ ਕੀਤਾ ਨਹੀਂ ਹੋਣਾ ਚਾਹੀਦਾ । ਇਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਲਈ ਇਸਦੀ ਲੋੜ ਨਹੀਂ ਹੈ।

(ਸ)ਪਿਛਲਾ ਇਮਤਿਹਾਨ ਪਾਸ ਕਰਨ ਦਾ ਸਰਟੀਫਿਕੇਟ :- ਵਿਦਿਆਰਥੀ ਨੇ ਫ਼ਾਰਮ ਨਾਲ ਉਸਦੀ ਪਿਛਲੀ ਸ਼੍ਰੇਣੀ ਪਾਸ ਕਰਨ ਦੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਨਕਲ ਜਰੂਰ ਲਗਾਈ ਹੋਵੇ ।

(ਹ) ਜਨਮ ਮਿਤੀ ਸਰਟੀਫਿਕੇਟ :- ਹਰ ਵਿਦਿਆਰਥੀ ਦੇ ਦਾਖ਼ਲਾ ਫ਼ਾਰਮ ਨਾਲ ਜਨਮ ਮਿਤੀ ਦਾ ਸਰਟੀਫਿਕੇਟ ਜਰੂਰ ਲੱਗਿਆ ਹੋਣਾ ਚਾਹੀਦਾ ਹੈ ।

**(ਕ) ਸ਼੍ਰੇਣੀ ਸੰਬੰਧੀ ਸਰਟੀਫਿਕੇਟ** :- ਵਿਦਿਆਰਥੀ ਆਪਣੇ ਦਾਖ਼ਲਾ ਫਾਰਮ ਤੇ ਸ਼੍ਰੇਣੀ ਦਾ ਨਾਮ ਜਰੂਰ ਭਰਨ । ਅਨੁਸੂਚਿਤ ਜਾਤੀ / ਅਨੁਸੂਚਿਤ ਕਬੀਲੇ ਅਤੇ ਪੱਛੜੀਆਂ ਸ਼੍ਰੇਣੀ ਦੇ ਵਿਦਿਆਰਥੀ ਜਿਨ੍ਹਾਂ ਨੇ ਫੀਸ ਵਿੱਚੋਂ ਛੋਟ ਦਾ ਲਾਭ ਪ੍ਰਾਪਤ ਕਰਨਾ ਹੈ ਉਹਨਾਂ ਵਿਦਿਆਰਥੀਆਂ ਲਈ ਹੇਠ ਲਿਖੇ ਦਸਤਾਵੇਜ਼ ਜਰੂਰੀ ਹਨ :-

I)ਜਾਤੀ ਸਰਟੀਫਿਕੇਟ :- ਵਿਦਿਆਰਥੀ ਦੇ ਨਾਮ ਦਾ ਜਾਤੀ ਸਰਟੀਫਿਕੇਟ ਹੋਵੇ ।

II)ਮਾਤਾ/ਪਿਤਾ/ਪਾਲਕ ਦਾ ਆਮਦਨ ਸਰਟੀਫਿਕੇਟ :- ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਵਿਦਿਆਰਥੀ ਦੇ ਮਾਤਾ / ਪਿਤਾ/ ਪਾਲਕ ਦੇ ਨਾਮ ਦਾ ਆਮਦਨ ਸਰਟੀਫਿਕੇਟ ਹੋਣਾ ਜਰੂਰੀ ਹੈ ਜਿਸ ਉੱਤੇ ਉਸਦੇ ਮਾਪਿਆਂ ਦੀ ਆਮਦਨ ਅਤੇ ਕਿੱਤੇ ਦਾ ਵਰਨਣ ਹੋਵੇ, ਦਾਖ਼ਲਾ ਫ਼ਾਰਮ ਨਾਲ ਲੱਗਿਆ ਹੋਣਾ ਚਾਹੀਦਾ ਹੈ। ਇਹ ਸਰਟੀਫਿਕੇਟ ਕਾਰਜਕਾਰੀ ਮੈਜਿਸਟਰੇਟ ਵੱਲੋਂ ਜਾਰੀ ਕੀਤਾ ਗਿਆ ਹੋਵੇ ਅਤੇ ਇਹ ਸਰਟੀਫਿਕੇਟ ਇੱਕ ਸਾਲ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ ।

III) ਰਿਹਾਇਸ਼ ਸਰਟੀਫਿਕੇਟ :- ਵਿਦਿਆਰਥੀ ਕੋਲ ਰਿਹਾਇਸ਼ ਸਰਟੀਫਿਕੇਟ ਹੋਣਾ ਜਰੂਰੀ ਹੈ ਅਤੇ ਇਹ ਸਰਟੀਫਿਕੇਟ ਤਿੰਨ ਸਾਲ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ ।

IV)ਅਧਾਰ ਕਾਰਡ :- ਦਾਖਲੇ ਸਮੇਂ ਵਿਦਿਆਰਥੀ ਕੋਲ ਆਪਣੇ, ਮਾਤਾ, ਪਿਤਾ ਜਾਂ ਪਾਲਕ ਦਾ ਅਧਾਰ ਕਾਰਡ ਹੋਣਾ ਜਰੂਰੀ ਹੈ ।

V)ਬੈਂਕ ਖਾਤਾ :- ਵਿਦਿਆਰਥੀ ਦੇ ਆਪਣੇ ਨਾਮ ਦਾ ਬੈਂਕ ਖਾਤਾ ਹੋਣਾ ਜਰੂਰੀ ਹੈ ।

ਖ)ਮਾਈਗਰੇਸ਼ਨ ਸਰਟੀਫਿਕੇਟ :- ਕਿਸੇ ਹੋਰ ਯੂਨੀਵਰਸਿਟੀ / ਬੋਰਡ ਵਿੱਚ ਪੜ੍ਹੇ ਵਿਦਿਆਰਥੀ ਨੂੰ ਆਪਣਾ ਯੂਨੀਵਰਸਿਟੀ / ਬੋਰਡ ਬਦਲੀਕਰਨ ਦਾ ਸਰਟੀਫਿਕੇਟ ਜਰੂਰ ਦੇਣਾ ਪਵੇਗਾ।

**2 .ਇੰਟਰਵਿਊ**:- ਦਾਖ਼ਲ ਹੋਣ ਵਾਲਾ ਵਿਦਿਆਰਥੀ ਨਿੱਜੀ ਤੌਰ ਤੇ ਦਾਖ਼ਲਾ ਕਮੇਟੀ ਸਾਹਮਣੇ ਹਾਜਰ ਹੋਵੇਗਾ / ਹੋਵੇਗੀ। ਉਸਦੀ ਗੈਰ-ਹਾਜਰੀ ਵਿੱਚ ਕਿਸੇ ਵੀ ਹਾਲਤ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ। ਕਮੇਟੀ ਉਸਨੂੰ ਆਪਣੀ ਪਹਿਚਾਣ ਸਾਬਤ ਕਰਨ ਲਈ ਵੀ ਕਹਿ ਸਕਦੀ ਹੈ।

**3 .ਅਸਲੀ ਸਰਟੀਫਿਕੇਟ** :- ਇੰਟਰਵਿਊ ਸਮੇਂ ਹਰ ਵਿਦਿਆਰਥੀ ਲਈ ਆਪਣੇ ਅਸਲੀ ਸਰਟੀਫਿਕੇਟ ਵਿਖਾਉਣੇ ਜਰੂਰੀ ਹਨ।

## ਵਿਸ਼ੇ ਬਦਲਣ ਸਬੰਧੀ ਨਿਯਮ :-

1 ਵਿਸ਼ਾ ਬਦਲਣ ਦੇ ਚਾਹਵਾਨ ਵਿਦਿਆਰਥੀ ਦੀ ਅਰਜੀ ਨੂੰ ਉਸ ਵਿਸ਼ੇ ਵਿੱਚ ਮੌਜੂਦ ਸੀਟਾਂ ਦੇ ਅਧਾਰ ਤੇ ਹੀ ਵਿਚਾਰਿਆ ਜਾਵੇਗਾ ।

2 ਵਿਦਿਆਰਥੀ ਵਿਸ਼ਾ ਬਦਲਣ ਦੀ ਅਰਜੀ ਕਲਾਸਾਂ ਸ਼ੁਰੂ ਹੋਣ ਦੀ ਮਿਤੀ ਤੋਂ 10 ਦਿਨ ਦੇ ਅੰਦਰ-ਅੰਦਰ ਦੇ ਸਕਦੇ ਹਨ ।

3 ਵਿਦਿਆਰਥੀ ਵਿਸ਼ਾ ਬਦਲਣ ਦੀ ਅਰਜੀ ਸਬੰਧਤ ਇੰਚਾਰਜ ਨੂੰ ਦੇਣਗੇ। ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਵਿਸ਼ਾ ਬਦਲਣ ਦਾ ਨੋਟਿਸ ਲਗਾ ਦਿੱਤਾ ਜਾਵੇਗਾ ।

4 ਇਹ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੈ ਕਿ ਉਹ ਵਿਸ਼ਾ ਬਦਲਣ ਦਾ ਨੋਟਿਸ ਲੱਗਣ ਉਪਰੰਤ ਆਪਣਾ ਨਾਮ ਪਹਿਲੇ ਵਿਸ਼ੇ ਵਿੱਚੋਂ ਕਟਵਾਕੇ, ਨਵੇਂ ਵਿਸ਼ੇ ਨਾਲ ਸਬੰਧਤ ਪ੍ਰੋਫੈਸਰ ਕੋਲ ਦਰਜ ਕਰਵਾਏ ।

## ਦਾਖ਼ਲੇ ਲਈ ਸਾਂਝੇ ਨਿਯਮ

1 ਦਾਖ਼ਲਾ ਫ਼ਾਰਮ ਭਰਨ ਤੋਂ ਪਹਿਲਾਂ ਵਿਦਿਆਰਥੀ ਪ੍ਰਾਸਪੈਕਟਸ ਧਿਆਨ ਨਾਲ ਪੜ੍ਹ ਲੈਣ।

2 ਦਾਖ਼ਲ ਹੋਣ ਵਾਲੇ ਵਿਦਿਆਰਥੀ ਲਈ ਜਰੂਰੀ ਹੈ ਕਿ ਉਹ ਦਾਖ਼ਲਾ ਫ਼ਾਰਮ ਹਰ ਤਰ੍ਹਾਂ ਨਾਲ ਮੁਕੰਮਲ ਕਰਕੇ ਨਿਸ਼ਚਿਤ ਸਥਾਨ ਤੇ ਅੰਤਿਮ ਮਿਤੀ ਤੋਂ ਪਹਿਲਾਂ ਜਮ੍ਹਾਂ ਕਰਵਾ ਦੇਵੇ। ਨਿਸ਼ਚਿਤ ਮਿਤੀ ਤੋਂ ਬਾਅਦ ਫਾਰਮ ਨਹੀਂ ਲਏ ਜਾਣਗੇ ।

3 ਅਧੂਰੇ ਭਰੇ ਹੋਏ ਫ਼ਾਰਮ ਰੱਦ ਕਰ ਦਿੱਤੇ ਜਾਣਗੇ।

4 ਬੀ.ਏ./ਬੀ.ਐਸ.ਸੀ./ਬੀ.ਕਾਮ. ਭਾਗ ਦੂਸਰਾ, ਤੀਸਰਾ ਅਤੇ ਐਮ.ਏ. ਭਾਗ ਦੂਸਰਾ ਵਿੱਚ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੂੰ ਹੀ ਪਹਿਲ ਦੇ ਅਧਾਰ ਤੇ ਦਾਖ਼ਲਾ ਮਿਲੇਗਾ ।

5 ਰਾਖਵੀਂ ਸੀਟ ਤੇ ਦਾਖ਼ਲਾ ਲੈਣ ਲਈ ਦਾਖ਼ਲਾ ਫ਼ਾਰਮ ਉਤੇ ਰਾਖਵੀਂ ਸ਼੍ਰੇਣੀ ਨਾ ਲਿਖਣ ਦੀ ਸੂਰਤ ਵਿੱਚ ਅਤੇ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਕੀਤਾ ਸਰਟੀਫਿਕੇਟ ਦਾਖ਼ਲਾ ਫਾਰਮ ਨਾਲ ਨੱਥੀ ਨਾ ਕਰਨ ਦੀ ਸੂਰਤ ਵਿੱਚ ਉਮੀਦਵਾਰ ਨੂੰ ਰਾਖਵੀਂ ਸੀਟ ਦਾ ਲਾਭ ਨਹੀਂ ਮਿਲੇਗਾ।

6 ਦਾਖਲਾ ਫਾਰਮ ਜਮ੍ਹਾਂ ਕਰਵਾਉਣ ਤੋਂ ਬਾਅਦ ਰਾਖਵਾਂਕਰਨ ਦਾ ਦਾਅਵਾ ਮਨਜ਼ੂਰ ਨਹੀਂ ਕੀਤਾ ਜਾਵੇਗਾ ।

**7 ਪਾਤਰਤਾ ਸਬੰਧੀ ਸ਼ਰਤਾਂ :-**

ੳ) ਵਿਦਿਆਰਥੀ ਨੂੰ ਕੋਰਸ ਦੇ ਤੀਜੇ ਸਮੈਸਟਰ ਵਿੱਚ ਤਾਂ ਹੀ ਦਾਖ਼ਲ ਕੀਤਾ ਜਾਵੇਗਾ, ਜੇਕਰ ਉਸਨੇ ਪਹਿਲੇ ਦੋ ਸਮੈਸਟਰਾਂ ਦੇ ਘੱਟ ਤੋਂ ਘੱਟ ਅੱਧੇ ਪੇਪਰ (50%) ਪਾਸ ਕੀਤੇ ਹੋਣਗੇ ।

ਅ) ਇਸੇ ਤਰ੍ਹਾਂ ਵਿਦਿਆਰਥੀ ਨੂੰ ਕੋਰਸ ਦੇ ਪੰਜਵੇਂ ਸਮੈਸਟਰ ਵਿੱਚ ਤਾਂ ਹੀ ਦਾਖ਼ਲ ਕੀਤਾ ਜਾਵੇਗਾ, ਜੇਕਰ ਉਸਨੇ ਪਹਿਲੇ ਚਾਰ ਸਮੈਸਟਰਾਂ ਦੇ ਘੱਟ ਤੋਂ ਘੱਟ ਅੱਧੇ ਪੇਪਰ (50%) ਪਾਸ ਕੀਤੇ ਹੋਣਗੇ ।

ੲ) ਵਿਦਿਆਰਥੀ ਨੂੰ ਛੇਵੇਂ ਸਮੈਸਟਰ ਵਿੱਚ ਦਾਖ਼ਲਾ ਲੈਣ ਲਈ ਜ਼ਰੂਰੀ ਹੈ ਕਿ ਉਸਨੇ ਪਹਿਲੇ ਸਮੈਸਟਰ ਦੇ ਸਾਰੇ ਪੇਪਰ ਪਾਸ ਕਰ ਲਏ ਹੋਣ ।

8 ਕਾਲਜ ਵਿੱਚ ਦਾਖਲਾ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਅਕਾਦਮਿਕ ਅਧਾਰ ਤੇ ਕੀਤਾ ਜਾਵੇਗਾ ।

9 ਕਾਲਜ ਦੇ ਜਿਹੜੇ ਪੁਰਾਣੇ ਵਿਦਿਆਰਥੀਆਂ ਨੇ ਪਹਿਲਾਂ ਇਮਤਿਹਾਨ ਦੀਆਂ ਸ਼ਰਤਾਂ ਪੂਰੀਆਂ ਹੋਣ ਦੇ ਬਾਵਜੂਦ ਕਿਸੇ ਕਾਰਨ ਵੀ ਇਮਤਿਹਾਨ ਨਹੀਂ ਦਿੱਤਾ, ਉਹਨਾਂ ਨੂੰ ਦਾਖ਼ਲਾ ਵਰਤਮਾਨ ਮੈਰਿਟ ਦੇ ਆਧਾਰ ਤੇ ਹੀ ਦਿੱਤਾ ਜਾਵੇਗਾ ।

10 ਇੰਟਰਵਿਊ/ਦਾਖ਼ਲੇ ਦੇ ਸਮੇਂ ਵਿਦਿਆਰਥੀਆਂ ਨੂੰ ਅਸਲ ਸਰਟੀਫਿਕੇਟ ਦਿਖਾਉਣੇ ਲਾਜ਼ਮੀ ਹਨ ।

12 ਨਵੇਂ ਦਾਖ਼ਲੇ ਲਈ ਨਿਯਮ ਸਰਕਾਰ ਦੇ ਪੱਤਰ ਨੰਬਰ 19/15/87-ਸਿ. 6/1980 ਮਿਤੀ 9-7-87 ਅਨੁਸਾਰ ਇਸ ਪ੍ਰਕਾਰ ਹੈ :-

ਰਾਖਵੀਆਂ ਸੀਟਾਂ ਇਸ ਪ੍ਰਕਾਰ ਹਨ :-

| | | |
|---|---|---|
| ੳ) | ਅਨੁਸੂਚਿਤ ਜਾਤੀ ਲਈ | 25% |
| ਅ) | ਪੱਛੜੀਆਂ ਸ਼੍ਰੇਣੀਆਂ/ਹੋਰ ਪੱਛੜੀਆਂ ਸ਼੍ਰੇਣੀਆਂ ਲਈ | 10% |
| ੲ) | ਆਰਮਡ ਫੋਰਸ/ਸੀ.ਆਰ.ਪੀ.ਐਫ./ਪੁਲਿਸ ਵਿੱਚ ਕੰਮ ਕਰ ਰਹੇ/ ਸੇਵਾ ਮੁਕਤ ਕਰਮਚਾਰੀਆਂ ਦੇ ਬੱਚਿਆਂ ਲਈ (ਇਸ ਵਿੱਚ ਉਹ ਅਧਿਕਾਰੀ ਵੀ ਸ਼ਾਮਿਲ ਹੋਣਗੇ ਜੋ ਸੇਵਾ ਦੋਰਾਨ ਸਵਰਗਵਾਸ ਹੋ ਗਏ ਹਨ)। | 2% |
| ਸ) | ਖਿਡਾਰੀਆਂ ਲਈ | 2% |
| ਹ) | ਅਪੰਗ ਵਿਦਿਆਰਥੀਆਂ ਲਈ | 5% |

13 ਫੇਲ੍ਹ ਅਤੇ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਬੀ.ਏ./ਬੀ.ਐਸ.ਸੀ./ਬੀ.ਕਾਮ. (ਸਮੈਸਟਰ ਪਹਿਲਾ) ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

14 ਬੀ.ਏ. ਸਮੈਸਟਰ ਪਹਿਲਾ ਵਿੱਚ ਦਾਖ਼ਲਾ ਸਟਾਫ਼ ਦੀ ਹੋਂਦ ਅਨੁਸਾਰ ਅਤੇ ਨਿਰੋਲ ਮੈਰਿਟ ਦੇ ਅਧਾਰ ਤੇ ਹੋਵੇਗਾ, ਇਸ ਲਈ ਵਿਦਿਆਰਥੀ ਦਾਖ਼ਲਾ ਫਾਰਮ ਨਿਸ਼ਚਿਤ ਮਿਤੀ ਤੋਂ ਪਹਿਲਾਂ ਹੀ ਜਮ੍ਹਾ ਕਰਵਾਉਣ ।

15 ਜੇਕਰ ਕਿਸੇ ਵਿਸ਼ੇ ਵਿੱਚ 15 ਤੋਂ ਘੱਟ ਵਿਦਿਆਰਥੀਆਂ ਦਾ ਦਾਖ਼ਲਾ ਹੁੰਦਾ ਹੈ ਤਾਂ ਵਿਦਿਆਰਥੀ ਨੂੰ ਵਿਸ਼ਾ ਬਦਲ ਕੇ ਹੋਰ ਵਿਸ਼ਾ ਲੈਣਾ ਪਵੇਗਾ ।

16 ਦਾਖ਼ਲਾ ਕਮੇਟੀ ਦੁਆਰਾ ਸਿਲੈਕਸ਼ਨ ਹੋ ਜਾਣ ਤੇ ਵਿਦਿਆਰਥੀ ਨੇ 48 ਘੰਟੇ ਦੇ ਅੰਦਰ ਫੀਸ ਜਮ੍ਹਾ ਕਰਵਾਉਣੀ ਹੈ, ਇਸ ਤਰ੍ਹਾਂ ਨਾ ਕਰਨ ਦੀ ਹਾਲਤ ਵਿੱਚ ਸੀਟ ਕੈਂਸਲ ਹੋ ਜਾਵੇਗੀ ਅਤੇ ਹੋਰ ਵਿਦਿਆਰਥੀ ਨੂੰ ਦਾਖ਼ਲਾ ਦੇ ਦਿੱਤਾ ਜਾਵੇਗਾ ।

17 ਖੇਡਾਂ, ਸਭਿਆਚਾਰ, ਐਨ.ਸੀ.ਸੀ., ਐਨ.ਐਸ.ਐਸ. ਅਤੇ ਕੋਈ ਹੋਰ ਖੇਤਰ ਵਿੱਚ ਯੂਨੀਵਰਸਿਟੀ/ਸਟੇਟ ਲੈਵਲ ਦੀ ਪ੍ਰਾਪਤੀ ਹੋਣ ਤੇ ਵਿਦਿਆਰਥੀ ਦੇ ਦਾਖ਼ਲੇ ਤੇ ਵਿਚਾਰ ਕੀਤਾ ਜਾ ਸਕਦਾ ਹੈ ।

18 ਜਿਹੜਾ ਵਿਦਿਆਰਥੀ ਕਿਸੇ ਦੂਜੇ ਕਾਲਜ ਤੋਂ ਇਸ ਕਾਲਜ ਵਿੱਚ ਬਦਲ ਕੇ ਆਉਂਦਾ ਹੈ, ਉਸ ਤੋਂ ਨਵੀਂ ਦਾਖ਼ਲਾ ਫ਼ੀਸ ਲਈ ਜਾਵੇਗੀ ।

19 ਕਾਲਜ ਵਿੱਚ ਵਿਦਿਆਰਥੀ ਜੋ ਵੀ ਪੈਸਾ ਜਮ੍ਹਾਂ ਕਰਵਾਉਂਦਾ ਹੈ ਉਸ ਦੀ ਰਸੀਦ ਜ਼ਰੂਰੀ ਲਈ ਜਾਵੇ ।

20 ਤੀਜੇ ਅਤੇ ਪੰਜਵੇਂ ਸਮੈਸਟਰ ਦੇ ਵਿਦਿਆਰਥੀ ਦਾ ਰੈਗੂਲਰ ਦਾਖ਼ਲਾ ਯੂਨੀਵਰਸਿਟੀ ਦਾ ਨਤੀਜਾ ਘੋਸ਼ਿਤ ਹੋਣ ਤੋਂ 10 ਦਿਨ ਦੇ ਅੰਦਰ-ਅੰਦਰ ਕਰਵਾਉਣਾ ਵਿਦਿਆਰਥੀ ਦੀ ਆਪਣੀ ਨਿੱਜੀ ਜ਼ਿੰਮੇਵਾਰੀ ਹੈ । ਦਾਖ਼ਲਾ ਨਾ ਕਰਵਾਉਣ ਦੀ ਸੂਰਤ ਵਿੱਚ ਵਿਦਿਆਰਥੀ ਆਪ ਜ਼ਿੰਮੇਵਾਰ ਹੋਵੇਗਾ ।

21 ਦਾਖ਼ਲਾ ਲੈਣ ਲਈ ਵਿਦਿਆਰਥੀ ਇੰਟਰਵਿਊ ਸਮੇਂ ਖੁਦ ਹਾਜਰ ਹੋਣਗੇ।

22 ਦਾਖ਼ਲਾ ਮਿਲਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਉਸੇ ਸਮੇਂ ਛੇ ਮਹੀਨੇ ਦੀ ਫ਼ੀਸ/ਫੰਡ ਜਮ੍ਹਾਂ ਕਰਵਾਉਣੀ ਪਵੇਗੀ, ਨਹੀਂ ਤਾਂ ਉਸ ਦਾ ਦਾਖ਼ਲਾ ਰੱਦ ਕਰਕੇ ਅਗਲੇ ਵਿਦਿਆਰਥੀ ਨੂੰ ਦਾਖ਼ਲ ਕਰ ਲਿਆ ਜਾਵੇਗਾ।

23 ਦਾਖ਼ਲੇ ਸੰਬੰਧੀ ਕੋਈ ਵੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ।

24 ਕਿਸੇ ਵੀ ਸ਼੍ਰੇਣੀ ਵਿੱਚ ਦਾਖ਼ਲੇ ਲਈ ਪ੍ਰਿੰਸੀਪਲ ਸਾਹਿਬ ਦੇ ਅਧਿਕਾਰ ਰਾਖਵੇਂ ਹਨ ਅਤੇ ਦਾਖ਼ਲਾ ਕਿਸੇ ਹੱਕ ਵਜੋਂ ਨਹੀਂ ਮੰਗਿਆ ਜਾ ਸਕਦਾ। ਪ੍ਰਿੰਸੀਪਲ ਸਾਹਿਬ ਲੋੜ ਪੈਣ ਤੇ ਦਾਖ਼ਲੇ ਦੇ ਨਿਯਮਾਂ ਵਿੱਚ ਤਬਦੀਲੀ ਕਰ ਸਕਦੇ ਹਨ।

25 ਇਸ ਤੋਂ ਇਲਾਵਾ ਜੋ ਦਿਸ਼ਾ ਨਿਰਦੇਸ਼ ਪੰਜਾਬ ਸਰਕਾਰ ਜਾਂ ਪੰਜਾਬ ਯੂਨੀਵਰਸਿਟੀ ਵੱਲੋਂ ਪ੍ਰਾਪਤ ਹੋਣਗੇ, ਉਹ ਵਿਦਿਆਰਥੀਆਂ ਉੱਪਰ ਲਾਗੂ ਹੋਣਗੇ।

## ਦਾਖ਼ਲੇ ਲਈ ਅਯੋਗ ਵਿਦਿਆਰਥੀ

1 ਜਿਨ੍ਹਾਂ ਵਿਦਿਆਰਥੀਆਂ ਨੇ ਕਿਸੇ ਦੂਸਰੀ ਯੂਨੀਵਰਸਿਟੀ / ਬੋਰਡ ਤੋਂ ਪਿਛਲੀ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਉਸਨੂੰ ਪੰਜਾਬ ਯੂਨੀਵਰਸਿਟੀ / ਪੰਜਾਬ ਸਕੂਲ ਸਿੱਖਿਆ ਬੋਰਡ ਨੇ ਬਰਾਬਰਤਾ ਨਾ ਦਿੱਤੀ ਹੋਵੇ।

2 ਜਿੰਨ੍ਹਾਂ ਦੀ 10+2 ਜਾਂ ਕਿਸੇ ਹੋਰ ਪਿਛਲੀ ਪ੍ਰੀਖਿਆ ਵਿੱਚੋਂ ਇਕ ਤੋਂ ਵੱਧ ਵਿਸ਼ਿਆਂ ਵਿੱਚ ਕੰਪਾਰਟਮੈਂਟ ਜਾਂ ਰੀਅਪੀਅਰ ਆਈ ਹੋਵੇ।

**ਨੋਟ** :

1 ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗਲਤ ਬਿਆਨੀ ਕਰਕੇ ਜਾਂ ਗਲਤ ਸਰਟੀਫਿਕੇਟ ਦੇ ਕੇ ਕਾਲਜ ਵਿੱਚ ਦਾਖ਼ਲ ਹੋ ਜਾਂਦਾ ਹੈ ਤਾਂ ਕਿਸੇ ਵੀ ਸਮੇਂ ਪਤਾ ਲੱਗਣ ਤੇ ਉਸਦਾ ਦਾਖ਼ਲਾ ਖ਼ਾਰਜ ਕੀਤਾ ਜਾ ਸਕਦਾ ਹੈ ਅਤੇ ਉਸ ਵਿਰੁੱਧ ਕਾਨੂੰਨੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਉਸ ਵਿਦਿਆਰਥੀ ਦੀ ਫ਼ੀਸ ਸਰਕਾਰੀ ਨਿਯਮਾਂ ਅਨੁਸਾਰ ਵਾਪਿਸ ਨਹੀਂ ਕੀਤੀ ਜਾਵੇਗੀ ।

2 ਹਰ ਵਿਸ਼ੇ ਵਿੱਚ ਦਾਖ਼ਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਾਖ਼ਲੇ ਸਮੇਂ ਸਟਾਫ਼ ਦੀ ਸਥਿਤੀ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।

3 ਉਹਨਾਂ ਵਿਸ਼ਿਆਂ ਜਾਂ ਸ਼੍ਰੇਣੀਆਂ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਨੂੰ ਆਪਣਾ ਵਿਸ਼ਾ ਬਦਲਣਾ ਪਵੇਗਾ, ਜੋ ਕਾਲਜ ਵਿੱਚ ਦਿੱਤੇ ਵਿਸ਼ਾ ਸੰਜੋਗ ਅਨੁਸਾਰ ਨਹੀਂ ਹੋਵੇਗਾ।

4 ਕਾਲਜ ਵਿੱਚ ਦਾਖ਼ਲ ਹੋਇਆ ਵਿਦਿਆਰਥੀ ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖ਼ਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਸੇ ਥਾਂ ਤੇ ਨੌਕਰੀ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

5 ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਦੇ ਪੱਤਰ ਨੰ: 13/59/06-6 ਸਿ-1/16332 ਮਿਤੀ 23-06-2006 ਅਨੁਸਾਰ 15 ਵਿਦਿਆਰਥੀਆਂ ਤੋਂ ਘੱਟ ਦੀ ਸੂਰਤ ਵਿੱਚ ਵਿਸ਼ਾ/ਕਲਾਸ ਚਾਲੂ ਨਹੀਂ ਕੀਤੀ ਜਾਵੇਗੀ।

## ਦਾਖ਼ਲੇ ਸਮੇਂ ਲਈਆਂ ਜਾਣ ਵਾਲੀਆਂ ਫ਼ੀਸਾਂ ਦਾ ਵੇਰਵਾ

### ਯੂਨੀਵਰਸਿਟੀ ਦੀਆਂ ਫ਼ੀਸਾਂ ਦਾ ਵੇਰਵਾ

1. ਰਜਿਸਟਰੇਸ਼ਨ ਫ਼ੀਸ (ਨਵੇਂ ਵਿਦਿਆਰਥੀਆਂ ਲਈ)
2. ਇਨਰੋਲਮੈਂਟ ਫ਼ੀਸ (ਨਵੇਂ ਵਿਦਿਆਰਥੀਆਂ ਲਈ)
3. ਮਾਈਗਰੇਸ਼ਨ ਫ਼ੀਸ (ਜੇ ਲਾਗੂ ਹੋਵੇ ਤਾਂ)
4. ਦਾਖ਼ਲਾ ਫ਼ਾਰਮ ਫ਼ੀਸ
5. ਯੂਨੀਵਰਸਿਟੀ ਸਪੋਰਟਸ ਫ਼ੀਸ
6. ਕਾਲਜ ਕੌਂਸਲ ਡਿਵੈਲਪਮੈਂਟ ਫ਼ੀਸ
7. ਯੂਨੀਵਰਸਿਟੀ ਸਪੋਰਟਸ ਡਿਵੈਲਪਮੈਂਟ ਫ਼ੀਸ
8. ਯੂਨੀਵਰਸਿਟੀ ਯੂਥ ਵੈਲਫੇਅਰ ਫ਼ੀਸ
9. ਯੂਨੀਵਰਸਿਟੀ ਹੋਲੀ-ਡੇ ਹੋਮ ਫ਼ੀਸ
10. ਸਟੂਡੈਂਟਸ ਹੋਲੀ-ਡੇ ਹੋਮ ਫ਼ੀਸ
11. ਯੂਨੀਵਰਸਿਟੀ ਐਲੂਮਨੀ ਫ਼ੀਸ

### ਪੰਜਾਬ ਸਰਕਾਰ ਦੇ ਫੰਡਾਂ ਦਾ ਵੇਰਵਾ

1. ਅਮੈਲਗਾਮੇਟਡ ਫੰਡ
2. ਘਰੇਲੂ ਪ੍ਰੀਖਿਆ ਫੰਡ
3. ਡਿਲੈਪੀਡੇਸ਼ਨ ਫੰਡ
4. ਡੀ.ਪੀ.ਆਈ. ਕਾਲਜ ਫੰਡ
5. ਪਹਿਚਾਣ ਪੱਤਰ ਫੰਡ
6. ਮੈਡੀਕਲ ਫੰਡ
7. ਬਿਲਡਿੰਗ ਫੰਡ
8. ਰੈਡ-ਕਰਾਸ ਫੰਡ
9. ਸਟੂਡੈਂਟ ਏਡ ਫੰਡ
10. ਸਪੋਰਟਸ ਫੰਡ
11. ਕਾਲਜ ਮੈਗਜ਼ੀਨ ਫੰਡ
12. ਪੰਜਾਬ ਫਿਜ਼ੀਕਲ ਐਜੂਕੇਸ਼ਨ ਡਿਵੈਲਪਮੈਂਟ ਫੰਡ

**ਨੋਟ** :

1. ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਦਾਖ਼ਲੇ ਸਮੇਂ ਅਤੇ ਬਾਅਦ ਵਿੱਚ ਭਰੀਆਂ ਫ਼ੀਸਾਂ ਦੀ ਰਸੀਦ ਸਬੰਧਤ ਕਲਰਕ ਤੋਂ ਜ਼ਰੂਰ ਪ੍ਰਾਪਤ ਕਰਨ ਅਤੇ ਸੈਸ਼ਨ ਦੇ ਖਤਮ ਹੋਣ ਤੱਕ ਸੰਭਾਲ ਕੇ ਰੱਖਣ।

## ਕਾਲਜ ਵਿੱਚ ਵਿੱਦਿਅਕ ਸ਼ੈਸ਼ਨ ਦੀ ਸ਼ੁਰੂਆਤ

1 ਦਾਖ਼ਲੇ ਤੋਂ ਬਾਅਦ ਸਾਰੀਆਂ ਕਲਾਸਾਂ ਦੀ ਸ਼ੁਰੂਆਤ ਹੋ ਜਾਵੇਗੀ।

2 ਕਲਾਸਾਂ ਕਾਲਜ ਵੱਲੋਂ ਨਿਰਧਾਰਿਤ ਟਾਇਮ-ਟੇਬਲ ਅਨੁਸਾਰ ਲੱਗਣਗੀਆਂ।

3 ਵਿਦਿਆਰਥੀਆਂ ਨੂੰ ਟਾਇਮ-ਟੇਬਲ ਅਤੇ ਸੈਕਸ਼ਨ ਵੰਡ ਬਾਰੇ ਜਾਣਕਾਰੀ ਆਮ ਇਕੱਠ/ਨੋਟਿਸ-ਬੋਰਡ ਅਤੇ ਵਿਭਾਗਾਂ ਦੇ ਮੁਖੀਆਂ ਰਾਹੀਂ ਦਿੱਤੀ ਜਾਵੇਗੀ।

4 ਵਿਦਿਆਰਥੀਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਸੈਕਸ਼ਨ ਵੰਡ ਬਾਰੇ ਜਾਣਕਾਰੀ ਉਸ ਵਿਸ਼ੇ ਦੇ ਵਿਭਾਗ ਮੁਖੀ ਤੋਂ ਪ੍ਰਾਪਤ ਕਰਨ।

5 ਸਿਰਫ਼ ਵਿਭਾਗ ਦੇ ਮੁਖੀ ਦੁਆਰਾ ਦਿੱਤੇ ਗਏ ਸੈਕਸ਼ਨ ਵਿੱਚ ਹੀ ਵਿਦਿਆਰਥੀ ਨੂੰ ਕਲਾਸ ਲਗਾਉਣ ਦੀ ਆਗਿਆ ਦਿੱਤੀ ਜਾਵੇਗੀ।

6 ਆਪਣੀ ਮਰਜ਼ੀ ਨਾਲ ਲਗਾਈ ਗਈ ਕਲਾਸ ਦੇ ਲੈਕਚਰ ਨਹੀਂ ਗਿਣੇ ਜਾਣਗੇ। ਬਗੈਰ ਦਾਖ਼ਲਾ, ਕਲਾਸਾਂ ਲਗਾਉਣ ਤੇ ਸਖ਼ਤ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ।

## ਨਤੀਜਾ ਲੇਟ ਨਿਕਲਣ ਸਬੰਧੀ

ਜਿੰਨ੍ਹਾਂ ਵਿਦਿਆਰਥੀਆਂ ਦਾ ਬੋਰਡ/ਯੂਨੀਵਰਸਿਟੀ ਦਾ ਨਤੀਜਾ ਲੇਟ ਨਿਕਲਦਾ ਹੈ, ਉਨ੍ਹਾਂ ਨੂੰ ਨਿਰਧਾਰਿਤ ਸਮੇਂ (10 ਦਿਨ) ਅੰਦਰ ਦਾਖ਼ਲ ਹੋਣ ਉਪਰੰਤ ਸਬੰਧਤ ਪ੍ਰਾਧਿਆਪਕ ਸਾਹਿਬਾਨਾਂ ਨੂੰ ਅਪਣੇ ਦਾਖ਼ਲ ਹੋਣ ਦੀ ਮਿਤੀ ਖੁਦ ਲਿਖਵਾਉਣੀ ਹੋਵੇਗੀ ਤਾਂ ਕਿ ਅਜਿਹੇ ਵਿਦਿਆਰਥੀ ਦੇ ਲੈਕਚਰਾਂ ਨੂੰ ਲੇਟ ਦਾਖ਼ਲ ਹੋਣ ਦੀ ਮਿਤੀ ਤੋਂ ਗਿਣਿਆ ਜਾ ਸਕੇ। ਅਜਿਹੇ ਵਿਦਿਆਰਥੀਆਂ ਨੂੰ ਵਿਸ਼ਾ ਬਦਲਣ ਦੀ ਇਜਾਜ਼ਤ ਨਹੀਂ ਹੋਵੇਗੀ।

## ਟਿਊਟੋਰੀਅਲ ਪ੍ਰਣਾਲੀ

ਕਾਲਜ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਦਾ ਇੱਕ ਟਿਊਟੋਰਿਅਲ ਗਰੁੱਪ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਉਸ ਨੂੰ ਇੱਕ ਟਿਊਟਰ ਦੀ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ। ਟਿਊਟਰ ਵਿਦਿਆਰਥੀ ਦੇ ਕਾਲਜ ਵਿੱਚ ਕੰਮਾ-ਕਾਰਾਂ ਸਬੰਧੀ ਸਲਾਹ ਦਿੰਦਾ ਹੈ ਅਤੇ ਉਸਦੀ ਭਲਾਈ ਦਾ ਖਿਆਲ ਰੱਖਦਾ ਹੈ । ਵਿਦਿਆਰਥੀ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਰਿਆਇਤਾਂ ਬੱਸ ਪਾਸ / ਪਹਿਚਾਣ ਪੱਤਰ / ਚਰਿੱਤਰ ਸਰਟੀਫਿਕਟ / ਦੁਬਾਰਾ ਦਾਖ਼ਲਾ / ਦਾਖ਼ਲਾ ਫ਼ਾਰਮ / ਹਾਜ਼ਰੀਆਂ ਦੀ ਪੂਰਤੀ ਆਦਿ ਟਿਊਟਰ ਦੀ ਸਿਫਾਰਿਸ਼ ਤੇ ਹੀ ਮਿਲਣਗੀਆਂ। ਟਿਊਟੋਰੀਅਲ ਪੀਰੀਅਡ ਵਿੱਚੋਂ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।

## ਪ੍ਰਾਕਟੋਰੀਅਲ ਪ੍ਰਣਾਲੀ

ਵਿਦਿਆਰਥੀਆਂ ਵਿੱਚ ਅਨੁਸ਼ਾਸਨ ਕਾਇਮ ਕਰਨ ਅਤੇ ਯੋਗ ਅਗਵਾਈ ਦੇਣ ਲਈ ਇਹ ਪ੍ਰਣਾਲੀ ਕਾਲਜ ਵਿੱਚ ਲਾਗੂ ਹੈ। ਪ੍ਰੌਕਟਰ (ਨਿਗਰਾਨ ਪ੍ਰਾਧਿਆਪਕ) ਵਿਦਿਆਰਥੀ ਨੂੰ ਆਪਣੇ ਸਮੇਂ ਦੀ ਸੁਚੱਜੀ ਵਰਤੋਂ ਬਾਰੇ ਸਲਾਹ ਦਿੰਦੇ ਹਨ । ਉਹ ਕਿਸੇ ਵਿਦਿਆਰਥੀ ਵੱਲੋਂ ਕੀਤੀ ਅਨੁਸ਼ਾਸਨਹੀਣਤਾ ਦੀ ਰਿਪੋਰਟ ਪ੍ਰਿੰਸੀਪਲ ਸਾਹਿਬ ਨੂੰ ਕਰਨਗੇ। ਹਰੇਕ ਵਿਦਿਆਰਥੀ ਆਪਣਾ ਪਹਿਚਾਣ-ਪੱਤਰ ਲੈ ਕੇ ਹੀ ਕਾਲਜ ਆਵੇ। ਕਿਸੇ ਬਾਹਰਲੇ ਵਿਦਿਆਰਥੀ ਜਾਂ ਅਣਅਧਿਕਾਰਤ ਵਿਅਕਤੀ ਦੇ ਕਾਲਜ ਵਿੱਚ ਬਿਨ੍ਹਾਂ ਪ੍ਰਵਾਨਗੀ ਪ੍ਰਵੇਸ਼ ਕਰਨ ਤੇ ਸਖ਼ਤ ਪਾਬੰਦੀ ਹੈ। ਵਿਦਿਆਰਥੀ ਨੂੰ ਪ੍ਰਾਧਿਆਪਕ/ਪ੍ਰਿੰਸੀਪਲ ਵੱਲੋਂ ਪੁੱਛੇ ਜਾਣ ਤੇ ਆਪਣਾ ਪਹਿਚਾਣ-ਪੱਤਰ ਦਿਖਾਉਣਾ ਪਵੇਗਾ, ਅਜਿਹਾ ਨਾ ਕਰਨ ਤੇ ਪ੍ਰਾਧਿਆਪਕ ਵਿਦਿਆਰਥੀ ਵਿਰੁੱਧ ਅਨਸ਼ਾਸਨਹੀਣਤਾ ਦੀ ਰਿਪੋਰਟ ਪ੍ਰਿੰਸੀਪਲ ਨੂੰ ਕਰਨਗੇ। ਹਰੇਕ ਵਿਦਿਆਰਥੀ ਆਪਣਾ ਪਹਿਚਾਣ-ਪੱਤਰ ਲੈ ਕੇ ਹੀ ਕਾਲਜ ਆਵੇ ।

## ਸਾਇਕਲ, ਸਕੂਟਰ/ਮੋਟਰ ਸਾਇਕਲ ਸਟੈਂਡ

ਕਾਲਜ ਵਿੱਚ ਸਾਇਕਲ, ਸਕੂਟਰ/ਮੋਟਰ ਸਾਇਕਲ ਸਟੈਂਡ ਕਾਲਜ ਖੁੱਲ੍ਹਣ ਤੋਂ ਉਪਰੰਤ ਪ੍ਰਾਈਵੇਟ ਤੋਰ ਤੇ ਕੰਟਰੈਕਟ ਤੇ ਦਿੱਤਾ ਜਾਵੇਗਾ। ਵਾਹਨਾਂ ਦੀ ਸੁਰੱਖਿਆ ਲਈ ਨਿਮਨ ਲਿਖਤ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ :-

1 ਸਾਰੇ ਵਿਦਿਆਰਥੀ ਸਾਇਕਲ ਸਟੈਂਡ ਦੇ ਠੇਕੇਦਾਰ ਤੋਂ ਪਰਚੀ ਲੈਣ ਉਪਰੰਤ ਹੀ ਆਪਣੇ ਵਾਹਨ ਖੜ੍ਹੇ ਕਰਨਗੇ।

2 ਸਾਇਕਲ ਸਟੈਂਡ ਸੇਵਾ ਕਾਲਜ ਖੁੱਲ੍ਹਣ ਤੋਂ ਅੱਧਾ ਘੰਟਾ ਪਹਿਲਾਂ ਤੇ ਕਾਲਜ ਬੰਦ ਹੋਣ ਤੋਂ ਅੱਧਾ ਘੰਟਾ ਬਾਅਦ ਤੱਕ ਪ੍ਰਦਾਨ ਕੀਤੀ ਜਾਵੇਗੀ।

3 ਹਰ ਕਿਸੇ ਲਈ ਆਪਣੇ ਵਾਹਨ ਨੂੰ ਤਾਲਾ ਲਾ ਕੇ ਰੱਖਣਾ ਜਰੂਰੀ ਹੈ।

4 ਵਿਦਿਆਰਥੀ ਆਪਣੇ ਵਾਹਨ ਵਿੱਚ ਕਿਸੇ ਕਿਸਮ ਦੇ ਜ਼ਰੂਰੀ ਕਾਗਜ਼, ਮੋਬਾਇਲ ਫੋਨ ਅਤੇ ਨਗਦੀ ਵਗੈਰਾ ਨਾ ਰੱਖਣ। ਇਹਨਾਂ ਦੇ ਗੁੰਮ ਹੋਣ ਤੇ ਸਾਇਕਲ ਸਟੈਂਡ ਦੇ ਠੇਕੇਦਾਰ ਅਤੇ ਕਾਲਜ ਪ੍ਰਸ਼ਾਸਨ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

5 ਉਪਰੋਕਤ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀ / ਵਿਦਿਆਰਥਣ ਨੂੰ ਜੁਰਮਾਨਾ ਕੀਤਾ ਜਾਵੇਗਾ ।

## ਬੱਸ ਪਾਸ

ਕਾਲਜ ਰਾਹੀਂ ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਬਣਵਾ ਕੇ ਦਿੱਤੇ ਜਾਂਦੇ ਹਨ। ਬੱਸ ਪਾਸ ਬਣਵਾਉਣ ਲਈ ਵਿਦਿਆਰਥੀ ਦਾਖ਼ਲ ਹੋਣ ਤੋਂ ਬਾਅਦ ਆਪਣੀਆਂ 2 ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਅਤੇ ਅਰਜੀ ਲੈ ਕੇ ਟਿਊਟਰ ਕੋਲ ਆਉਣ। ਬੱਸ ਪਾਸ ਦੇ ਫਾਰਮ ਤੇ ਟਿਊਟਰ ਦੀ ਸਿਫਾਰਿਸ਼ ਹੋਣੀ ਚਾਹੀਦੀ ਹੈ। ਵਿਦਿਆਰਥੀ ਆਪਣੇ ਰਾਸ਼ਨ ਕਾਰਡ ਜਾਂ ਅਪਣਾ ਜਾਂ ਆਪਣੇ ਪਿਤਾ ਦੇ ਵੋਟਰ ਸ਼ਨਾਖਤੀ ਕਾਰਡ ਦੀ ਫੋਟੋ ਸਟੇਟ ਕਾਪੀ ਨਾਲ ਜ਼ਰੂਰ ਨੱਥੀ ਕਰੇ ।

## ਲਾਇਬ੍ਰੇਰੀ

ਕਾਲਜ ਵਿੱਚ ਕਾਫ਼ੀ ਵੱਡੀ ਲਾਇਬ੍ਰੇਰੀ ਹੈ, ਇਸ ਵਿੱਚ ਮੁੱਖ ਲਾਇਬ੍ਰੇਰੀ, ਰੀਡਿੰਗ ਰੂਮ ਅਤੇ ਰੈਫਰੈਂਸ ਸੈਕਸ਼ਨ ਸ਼ਾਮਿਲ ਹਨ। ਲਾਇਬ੍ਰੇਰੀ ਵਿੱਚ 41,995 ਬਹੁਮੁੱਲੀਆਂ ਪੁਸਤਕਾਂ ਹਨ। ਲਗਭਗ 12 ਅਖਬਾਰ ਅਤੇ 18 ਮੈਗਜ਼ੀਨ ਮੰਗਵਾਏ ਜਾਂਦੇ ਹਨ। ਕਾਲਜ ਦੇ ਸਾਰੇ ਰੈਗੂਲਰ ਵਿਦਿਆਰਥੀ ਚਾਲੂ ਸੈਸ਼ਨ ਲਈ ਲਾਇਬ੍ਰੇਰੀ ਦੇ ਮੈਂਬਰ ਬਣ ਸਕਦੇ ਹਨ।

### ਪਹਿਚਾਣ-ਪੱਤਰ-ਕਮ-ਲਾਇਬ੍ਰੇਰੀ ਕਾਰਡ

ਹਰ ਵਿਦਿਆਰਥੀ ਨੂੰ ਇੱਕ ਪਹਿਚਾਣ-ਪੱਤਰ ਕਮ ਲਾਇਬ੍ਰੇਰੀ ਕਾਰਡ ਰੋਲ ਨੰਬਰ ਦਰਜ ਕਰਕੇ ਦਿੱਤਾ ਜਾਵੇਗਾ। ਲਾਇਬ੍ਰੇਰੀ ਤੋਂ ਕਾਰਡ ਲੈ ਕੇ ਉਸ ਉੱਪਰ ਆਪਣੀ ਫੋਟੋ ਲਾ ਕੇ ਟਿਊਟਰ ਰਾਹੀਂ ਸੀਨੀਅਰ ਟਿਊਟਰ ਤੋਂ ਹਸਤਾਖ਼ਰ ਕਰਵਾਕੇ ਇਸ ਨੂੰ ਪ੍ਰਮਾਣਿਤ ਬਣਵਾਉਣਾ ਵਿਦਿਆਰਥੀ ਦੀ ਨਿੱਜੀ ਜ਼ਿੰਮੇਵਾਰੀ ਹੈ । ਹਰ ਵਿਦਿਆਰਥੀ ਲਈ ਰੋਜ਼ਾਨਾ ਇਹ ਕਾਰਡ ਲੈ ਕੇ ਆਉਣਾ ਜਰੂਰੀ ਹੈ। ਵਿਦਿਆਰਥੀ ਆਪਣਾ ਪਹਿਚਾਣ-ਪੱਤਰ ਕਿਸੇ ਹੋਰ ਨੂੰ ਨਹੀਂ ਦੇ ਸਕਦਾ, ਇਸ ਦੀ ਸੰਭਾਲ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਪਹਿਚਾਣ-ਪੱਤਰ ਖਰਾਬ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਪੁਰਾਣਾ ਪਹਿਚਾਣ-ਪੱਤਰ ਅਤੇ 50 ਰੁ: ਜਮ੍ਹਾਂ ਕਰਵਾਕੇ, ਪਹਿਚਾਣ-ਪੱਤਰ ਗੁੰਮ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਥਾਣੇ ਵਿੱਚ ਐਫ.ਆਈ.ਆਰ. ਦਰਜ ਕਰਵਾਉਣ ਉਪਰੰਤ, 50/- ਰੁ: ਅਤੇ ਪੀ.ਟੀ.ਏ. ਵਿੱਚ 200/- ਰੁ: ਜਮ੍ਹਾਂ ਕਰਵਾਕੇ ਨਵਾਂ ਪਹਿਚਾਣ-ਪੱਤਰ ਬਣਵਾ ਸਕਦੇ ਹਨ । ਰੋਲ ਨੰਬਰ ਲੈਣ ਸਮੇਂ ਹਰ ਵਿਦਿਆਰਥੀ ਨੂੰ ਆਪਣਾ ਪਹਿਚਾਣ-ਪੱਤਰ ਵਾਪਸ ਜਮ੍ਹਾਂ ਕਰਵਾਉਣਾ ਪਵੇਗਾ। ਜਮ੍ਹਾਂ ਕਰਵਾਉਣ ਵੇਲੇ ਵਿਦਿਆਰਥੀ ਦੀ ਫੋਟੋ ਅਤੇ ਟਿਊਟਰ ਦੇ ਦਸਤਖ਼ਤਾਂ ਸਮੇਤ ਇਹ ਪੂਰੀ ਤਰ੍ਹਾਂ ਮੁਕੰਮਲ ਹੋਣਾ ਚਾਹੀਦਾ ਹੈ।

### ਕਿਤਾਬਾਂ ਲੈਣ ਦੀ ਸਹੂਲਤ

| | |
|---|---|
| (ੳ) ਬੀ.ਏ./ਬੀ.ਐਸ.ਸੀ. ਦੇ ਵਿਦਿਆਰਥੀ | 3 ਪੁਸਤਕਾਂ |
| (ਅ) ਬੀ.ਕਾਮ. ਅਤੇ ਐਮ.ਏ. ਦੇ ਵਿਦਿਆਰਥੀ | 4 ਪੁਸਤਕਾਂ |
| (ੲ) ਸਟਾਫ਼ ਲਈ | 6 ਪੁਸਤਕਾਂ |

## ਪੁਸਤਕਾਂ ਜਾਰੀ ਕਰਨ ਦਾ ਸਮਾਂ

| | |
|---|---|
| 1) ਸਾਇੰਸ ਤੇ ਐਮ.ਏ. ਕਲਾਸਾਂ | ਪੂਰਾ ਹਫਤਾ |
| 2) ਬੀ.ਏ. । ਅਤੇ ਬੀ.ਕਾਮ., ਬੀ.ਸੀ.ਏ | ਸੋਮਵਾਰ, ਮੰਗਲਵਾਰ, ਬੁੱਧਵਾਰ |
| 3) ਬੀ.ਏ. ।।, ਬੀ.ਏ. ।।। ਅਤੇ ਪੀ.ਜੀ.ਡੀ.ਸੀ.ਏ. | ਵੀਰਵਾਰ ਸ਼ੁੱਕਰਵਾਰ, ਸ਼ਨੀਵਾਰ |

## ਲਾਇਬ੍ਰੇਰੀ ਦੇ ਨਿਯਮ

1 ਲਾਇਬ੍ਰੇਰੀ ਦੇ ਰੀਡਿੰਗ ਰੂਮ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਜਰੂਰੀ ਹੈ ਕਿ ਉਹ ਅਨੁਸ਼ਾਸਨ ਵਿੱਚ ਰਹਿਣ ।

2 ਲਾਇਬ੍ਰੇਰੀਅਨ ਸਾਹਿਬ ਵੱਲੋਂ ਸੂਚਨਾ ਮਿਲਣ ਤੇ ਪੁਸਤਕਾਂ ਤੁਰੰਤ ਵਾਪਿਸ ਕਰਨੀਆਂ ਹੋਣਗੀਆਂ ।

3 ਕਿਤਾਬ ਗੁਆਚਣ ਦੀ ਸੂਰਤ ਵਿੱਚ ਜੇਕਰ ਬਜ਼ਾਰ ਵਿੱਚੋਂ ਕਿਤਾਬ ਨਾ ਮਿਲਦੀ ਹੋਵੇ ਤਾਂ ਪ੍ਰਿੰਸੀਪਲ ਸਾਹਿਬ ਕੀਮਤ ਤੋਂ ਇਲਾਵਾ ਜੁਰਮਾਨਾ ਵੀ ਪਾ ਸਕਦੇ ਹਨ ।

4 ਸਟਾਫ਼ ਮੈਂਬਰ ਇੱਕ ਮਹੀਨੇ ਲਈ ਅਤੇ ਵਿਦਿਆਰਥੀ 14 ਦਿਨਾਂ ਲਈ ਪੁਸਤਕ ਲੈ ਸਕਦੇ ਹਨ।

5 ਕੋਈ ਪੁਸਤਕ ਦੁਬਾਰਾ ਨਹੀਂ ਦਿੱਤੀ ਜਾਵੇਗੀ ਪਰ ਜੇ ਕੋਈ ਹੋਰ ਵਿਦਿਆਰਥੀ ਮੰਗ ਨਹੀਂ ਕਰਦਾ ਤਾਂ ਦੁਬਾਰਾ ਕਿਤਾਬ ਲਈ ਜਾ ਸਕਦੀ ਹੈ।

6 ਨਿਸ਼ਚਿਤ ਸਮੇਂ ਤੋਂ ਬਾਅਦ ਪੁਸਤਕ ਰੱਖਣ ਵਾਲੇ ਵਿਦਿਆਰਥੀ ਨੂੰ ਹਰ ਪੁਸਤਕ ਲਈ ਰੋਜ਼ 1-00 ਰੁ: ਜੁਰਮਾਨਾ ਦੇਣਾ ਪਵੇਗਾ । ਪੁਸਤਕ ਵਾਪਿਸ ਕਰਨ ਦੀ ਅੰਤਿਮ ਮਿਤੀ ਨੂੰ ਜੇਕਰ ਕਾਲਜ ਬੰਦ ਹੋਵੇ ਤਾਂ ਅਗਲਾ ਕੰਮ ਦਾ ਦਿਨ ਅੰਤਿਮ ਦਿਨ ਗਿਣਿਆ ਜਾਵੇਗਾ।

7 ਹਵਾਲਾ ਪੁਸਤਕਾਂ ਅਤੇ ਕੁਝ ਹੋਰ ਪੁਸਤਕਾਂ ਬਾਹਰ ਲਿਜਾਣ ਵਾਸਤੇ ਨਹੀਂ ਦਿੱਤੀਆਂ ਜਾਣਗੀਆਂ। ਵਿਭਾਗ ਦੇ ਮੁਖੀ ਦੀ ਸਿਫਾਰਸ਼ ਅਤੇ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਇਹ ਨਿਯਮ ਨਰਮ ਕੀਤਾ ਜਾ ਸਕਦਾ ਹੈ।

8 ਮੈਗਜ਼ੀਨ ਅਤੇ ਕੁੱਝ ਖ਼ਾਸ ਪੁਸਤਕਾਂ ਪ੍ਰਾਧਿਆਪਕਾਂ ਨੂੰ ਇੱਕ ਹਫ਼ਤੇ ਲਈ ਦਿੱਤੀਆਂ ਜਾ ਸਕਦੀਆਂ ਹਨ।

9 ਜਿਹੜੀ ਪੁਸਤਕ ਪਹਿਲਾਂ ਹੀ ਕਿਸੇ ਕੋਲ ਗਈ ਹੋਵੇ, ਬੇਨਤੀ ਉਪਰੰਤ ਤੁਹਾਡੇ ਲਈ ਰਾਖਵੀਂ ਰੱਖੀ ਜਾ ਸਕਦੀ ਹੈ।

10 ਗੁਆਚੀਆਂ ਜਾਂ ਖਰਾਬ ਹੋਈਆਂ ਪੁਸਤਕਾਂ ਲਾਇਬ੍ਰੇਰੀਅਨ ਦੀ ਇੱਛਾ ਅਨੁਸਾਰ ਬਦਲੀਆਂ ਜਾਣਗੀਆਂ ਜਾਂ ਉਹਨਾਂ ਦੀ ਮੌਜੂਦਾ ਕੀਮਤ ਵਾਧੂ ਖਰਚ ਸਮੇਤ ਜਮ੍ਹਾਂ ਕਰਵਾਉਣੀ ਪਵੇਗੀ। ਕਿਸੇ ਵਿਦਿਆਰਥੀ ਕੋਲੋਂ ਕਿਤਾਬ ਗੁੰਮ ਹੋਣ ਦੀ ਸੂਰਤ ਵਿੱਚ ਕਿਤਾਬ ਜਾਂ ਮੈਗਜ਼ੀਨ ਦੀ ਮੌਜੂਦਾ ਕੀਮਤ ਜਾਂ ਮੈਗਜ਼ੀਨ ਦੀ ਮੌਜੂਦਾ ਕੀਮਤ ਦੇ ਨਾਲ-ਨਾਲ 20% ਰਾਸ਼ੀ ਵਾਧੂ ਕੀਮਤ ਵਜੋਂ ਵਸੂਲੀ ਜਾ ਸਕਦੀ ਹੈ ।

11 ਪਾਠਕ ਕਿਤਾਬਾਂ ਅਤੇ ਮੈਗਜ਼ੀਨਾਂ ਉੱਪਰ ਕੁੱਝ ਨਾ ਲਿਖਣ, ਇਹਨਾਂ ਦੇ ਖਰਾਬ ਹੋਣ ਦੀ ਸੂਰਤ ਵਿੱਚ ਬਦਲਵੀਂ ਨਵੀਂ ਪੁਸਤਕ/ਮੈਗਜ਼ੀਨ ਜਮ੍ਹਾਂ ਕਰਵਾਉਣੀ ਪਵੇਗੀ ।

## ਕਾਲਜ ਛੱਡਣਾ/ਨਾਮ ਕੱਟਿਆ ਜਾਣਾ

1 ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਿਹੜਾ ਵਿਦਿਆਰਥੀ 10 ਦਿਨ ਜਾਂ ਵੱਧ ਕਿਸੇ ਵੀ ਵਿਸ਼ੇ ਵਿੱਚੋਂ ਲਗਾਤਾਰ ਬਿਨਾਂ ਛੁੱਟੀ ਗ਼ੈਰ-ਹਾਜਰ ਰਹੇਗਾ, ਉਸਦਾ ਨਾਂ ਕਾਲਜ ਹਾਜਰੀ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ।

2 ਨਾਮ ਕੱਟੇ ਜਾਣ ਤੇ ਵਿਦਿਆਰਥੀ ਵੱਲੋਂ ਮਾਪਿਆਂ ਨੂੰ ਨਾਲ ਲਿਆਉਣ ਉਪਰੰਤ ਪ੍ਰਿੰਸੀਪਲ ਸਾਹਿਬ ਦੀ ਆਗਿਆ ਮਿਲਣ ਤੋਂ ਬਾਅਦ ਵਿਦਿਆਰਥੀ ਬਣਦੀ ਫੀਸ ਜਮ੍ਹਾਂ ਕਰਵਾਕੇ ਹੀ ਦੁਬਾਰਾ ਦਾਖ਼ਲ ਹੋ ਸਕਦਾ ਹੈ।

3 ਜੇ ਕਿਸੇ ਵਿਦਿਆਰਥੀ ਦਾ ਵਿਵਹਾਰ ਠੀਕ ਨਹੀਂ ਹੋਵੇਗਾ ਤਾਂ ਪ੍ਰਿੰਸੀਪਲ ਸਾਹਿਬ ਉਸਦਾ ਨਾਮ ਕੱਟਣ ਦਾ ਆਦੇਸ਼ ਦੇ ਸਕਦੇ ਹਨ।

4 ਜਿਹੜਾ ਵਿਦਿਆਰਥੀ ਕਿਸੇ ਕਾਰਨ ਕਾਲਜ ਛੱਡਣਾ ਚਾਹੁੰਦਾ ਹੈ, ਉਹ ਬਿਨੈ-ਪੱਤਰ ਪ੍ਰਿੰਸੀਪਲ ਸਾਹਿਬ ਨੂੰ ਪੇਸ਼ ਕਰੇ, ਜਿਸ ਉੱਪਰ ਮਾਤਾ-ਪਿਤਾ ਦੇ ਦਸਤਖ਼ਤ ਹੋਣੇ ਚਾਹੀਦੇ ਹਨ। ਕਿਸੇ ਵਿਦਿਆਰਥੀ ਨੂੰ ਕਾਲਜ ਦਾ ਹਿਸਾਬ / ਜੁਰਮਾਨਾ ਚੁਕਤਾ ਕੀਤੇ ਬਿਨਾਂ ਕਾਲਜ ਛੱਡਣ ਦੀ ਆਗਿਆ ਨਹੀਂ ਹੋਵੇਗੀ ।

5 ਨਾਮ ਕੱਟੇ ਜਾਣ ਤੇ ਵੱਧ ਤੋਂ ਵੱਧ 15 ਦਿਨਾਂ ਵਿੱਚ ਨਾਮ ਦੁਬਾਰਾ ਦਾਖ਼ਲ ਕਰਵਾਉਣਾ ਵਿਦਿਆਰਥੀ ਦੀ ਜ਼ਿੰਮੇਵਾਰੀ ਹੋਵੇਗੀ। ਦੁਬਾਰਾ ਨਾਮ ਕੱਟੇ ਜਾਣ ਤੇ ਨਾਮ ਦਾਖ਼ਲ ਨਹੀਂ ਕੀਤਾ ਜਾਵੇਗਾ ।

## ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਯੋਗਤਾ

ਵਿਦਿਆਰਥੀ ਦੇ ਦਾਖ਼ਲੇ ਯੂਨੀਵਰਸਿਟੀ ਨੂੰ ਅਸਥਾਈ ਤੌਰ ਤੇ ਭੇਜੇ ਜਾਂਦੇ ਹਨ। ਜਿੰਨ੍ਹਾਂ ਵਿਦਿਆਰਥੀਆਂ ਦੀਆਂ ਹਾਜਰੀਆਂ ਪੂਰੇ ਕੋਰਸ ਭਾਵ ਵਿੱਦਿਅਕ ਸੈਸ਼ਨ ਦੇ ਅੰਤ ਤੱਕ ਪੂਰੀਆਂ ਨਾ ਹੋਣ ਜਾਂ ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਦੇ ਆਧਾਰ ਤੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ, ਉਨ੍ਹਾਂ ਦੇ ਰੋਲ ਨੰਬਰ ਸਮੈਸਟਰ ਪ੍ਰੀਖਿਆਵਾਂ ਤੋਂ ਪਹਿਲਾਂ ਯੂਨੀਵਰਸਿਟੀ ਨੂੰ ਵਾਪਸ ਭੇਜ ਦਿੱਤੇ ਜਾਣਗੇ ਅਤੇ ਉਹਨਾਂ ਨੂੰ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

## ਕਾਲਜ ਵਿੱਚ ਹਾਜਰੀਆਂ

1 ਪ੍ਰਾਧਿਆਪਕ ਵੱਲੋਂ ਲਗਾਈਆਂ ਗਈਆਂ ਕੁੱਲ ਹਾਜਰੀਆਂ ਵਿੱਚੋਂ ਪੰਜਾਬ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਵਿਦਿਆਰਥੀਆਂ ਲਈ 75% ਹਾਜਰੀਆਂ ਪ੍ਰਾਪਤ ਕਰਨੀਆਂ ਜ਼ਰੂਰੀ ਹਨ। ਇਹ ਸ਼ਰਤ ਪੂਰੀ ਨਾ ਕਰਨ ਵਾਲੇ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਨਹੀਂ ਬੈਠ ਸਕਣਗੇ। ਯੂਨੀਵਰਸਿਟੀ ਨਿਯਮਾਂ ਵਿੱਚ ਦਰਸਾਈਆਂ ਹਾਲਤਾਂ/ਸੀਮਾਵਾਂ ਤੋਂ ਇਲਾਵਾ ਕਿਸੇ ਵੀ ਆਧਾਰ ਤੇ ਛੋਟ ਨਹੀਂ ਦਿੱਤੀ ਜਾਵੇਗੀ।

2 ਵਿਦਿਆਰਥੀ ਹਰ ਮਹੀਨੇ ਆਪਣੇ ਸਬੰਧਿਤ ਪ੍ਰੋਫ਼ੈਸਰ ਸਹਿਬਾਨ ਕੋਲੋਂ ਆਪਣੀਆਂ ਹਾਜਰੀਆਂ ਬਾਰੇ ਪਤਾ ਕਰਦੇ ਰਹਿਣ। ਸੈਸ਼ਨ ਦੇ ਅਖੀਰ ਵਿੱਚ ਲੈਕਚਰਾਂ ਦੀ ਘਾਟ ਬਾਰੇ ਵਿਦਿਆਰਥੀਆਂ ਦੀ ਕੋਈ ਸ਼ਿਕਾਇਤ ਨਹੀਂ ਸੁਣੀ ਜਾਵੇਗੀ।

3 ਵਿਦਿਆਰਥੀਆਂ ਦੇ ਮਾਂ-ਬਾਪ/ਸਰਪ੍ਰਸਤ ਆਪਣੇ ਬੱਚਿਆਂ ਦੀਆਂ ਹਾਜਰੀਆਂ ਬਾਰੇ, ਉਹਨਾਂ ਦੇ ਕਾਲਜ ਵਿੱਚ ਵਿਵਹਾਰ ਬਾਰੇ, ਉਹਨਾਂ ਦੀ ਘਰੇਲੂ ਇਮਤਿਹਾਨਾਂ ਵਿੱਚ ਕਾਰਗੁਜ਼ਾਰੀ ਬਾਰੇ ਸਮੇਂ-ਸਮੇਂ ਤੇ ਪਤਾ ਕਰਦੇ ਰਹਿਣ। ਵਿਦਿਆਰਥੀ ਦੀ ਕਿਸੇ ਵੀ ਅਣਗਹਿਲੀ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।

4 ਜੇ ਵਿਦਿਆਰਥੀ ਨੋਟਿਸ ਬੋਰਡ ਤੇ ਲਗਾਈ ਗਈ ਸੂਚਨਾ ਸਮੇਂ ਸਿਰ ਨੋਟ ਨਹੀਂ ਕਰਦਾ ਤਾਂ ਇਸ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ ।

## ਘਰੇਲੂ ਪ੍ਰੀਖਿਆਵਾਂ

ਹਰ ਵਿਦਿਆਰਥੀ ਲਈ ਸਮੈਸਟਰ ਪ੍ਰੀਖਿਆ ਵਿੱਚ ਬੈਠਣ ਵਾਸਤੇ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਹੇਠ ਲਿਖਿਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ, ਜੋ ਇਸ ਪ੍ਰਕਾਰ ਹਨ :-

1 ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਪ੍ਰਤੀ ਸਮੈਸਟਰ ਇੱਕ ਘਰੇਲੂ ਪ੍ਰੀਖਿਆ ਕਰਵਾਈ ਜਾਵੇਗੀ ।

2 ਹਰ ਵਿਦਿਆਰਥੀ ਲਈ ਇਸ ਘਰੇਲੂ ਪ੍ਰੀਖਿਆ ਵਿੱਚ ਬੈਠਣਾ ਲਾਜ਼ਮੀ ਹੈ ।

3 ਘਰੇਲੂ ਪ੍ਰੀਖਿਆ ਦੇ ਮੁਲਾਂਕਣ ਅਤੇ ਪ੍ਰਾਪਤ ਅੰਕਾਂ ਦਾ ਵੇਰਵਾ ਸਬੰਧਿਤ ਪ੍ਰੋਫ਼ੈਸਰ ਸਹਿਬਾਨਾਂ ਤੋਂ ਪ੍ਰਾਪਤ ਕਰਨਾ ਵਿਦਿਆਰਥੀ ਦੀ ਆਪਣੀ ਨਿੱਜੀ ਜਿੰਮੇਵਾਰੀ ਹੈ ।

4 ਬਿਮਾਰੀ ਜਾਂ ਅਚਨਚੇਤ ਕਾਰਨਾਂ ਕਰਕੇ ਘਰੇਲੂ ਪ੍ਰੀਖਿਆ ਵਿੱਚ ਨਾ ਬੈਠ ਸਕਣ ਸਬੰਧੀ ਛੋਟ ਲਈ ਪ੍ਰਿੰਸੀਪਲ ਜੀ ਦੀ ਪੂਰਵ-ਪ੍ਰਵਾਨਗੀ ਲੈਣੀ ਜ਼ਰੂਰੀ ਹੈ ।

5 ਇਸ ਪੂਰਵ-ਪ੍ਰਵਾਨਗੀ ਤੋਂ ਬਗੈਰ ਘਰੇਲੂ ਪ੍ਰੀਖਿਆ ਵਿੱਚੋਂ ਗੈਰ-ਹਾਜਰ ਰਹਿਣ ਵਾਲੇ ਵਿਦਿਆਰਥੀ ਨੂੰ ਪ੍ਰਿੰਸੀਪਲ ਦੇ ਅਖਤਿਆਰੀ ਅਧਿਕਾਰਾਂ ਅਧੀਨ ਕਰਵਾਈ ਜਾਣ ਵਾਲੀ ਪ੍ਰੀਖਿਆ ਵਿੱਚ ਬੈਠਣ ਦਾ ਹੱਕ ਨਹੀਂ ਹੋਵੇਗਾ ।

6 ਇਮਤਿਹਾਨ ਸਮੇਂ ਅਪੰਗ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੇ ਨਿਯਮ ਅਨੁਸਾਰ ਵਾਧੂ ਸਮਾਂ, ਦੂਜੀ / ਤੀਜੀ ਭਾਸ਼ਾ ਵਿੱਚ ਛੋਟ ਅਤੇ ਮੁਫ਼ਤ ਲਿਖਾਰੀ ਦੀ ਸਹੂਲਤ ਹੋਵੇਗੀ ।

7 ਉਪਰੋਕਤ ਪ੍ਰੀਖਿਆ ਵਿੱਚੋਂ ਗੈਰ-ਹਾਜ਼ਰ ਰਹਿਣ ਵਾਲੇ / ਨਿਸ਼ਚਿਤ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਥੀਆਂ ਨੂੰ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਾਸਤੇ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ ।

ਯੂਨੀਵਰਸਿਟੀ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਸਬੰਧੀ ਨਿਯਮ

I) ਕਲਾਸਾਂ ਵਿੱਚ ਹਾਜਰੀ

1) ਹਰ ਵਿਦਿਆਰਥੀ ਲਈ ਹਰ ਵਿਸ਼ੇ / ਪੇਪਰ (ਲਿਖਤੀ ਤੇ ਪ੍ਰੈਕਟੀਕਲ ਵਿੱਚ ਵੱਖ-ਵੱਖ) ਵਿੱਚੋਂ ਘੱਟ ਤੋਂ ਘੱਟ 75 ਪ੍ਰਤੀਸ਼ਤ ਹਾਜਰੀਆਂ ਦੀ ਸ਼ਰਤ ਪੂਰੀ ਕਰਨਾ ਲਾਜ਼ਮੀ ਹੈ ।

2) ਜੇ ਕੋਈ ਵਿਦਿਆਰਥੀ ਨਤੀਜਾ ਲੇਟ ਨਿਕਲਣ ਕਰਕੇ ਕਾਲਜ ਵਿੱਚ ਲੇਟ ਦਾਖ਼ਲ ਹੁੰਦਾ ਹੈ ਤਾਂ ਉਸ ਦੀਆਂ ਹਾਜ਼ਰੀਆਂ ਦੀ ਗਿਣਤੀ ਕਾਲਜ ਵਿੱਚ ਉਸਦੇ ਦਾਖ਼ਲੇ ਦੀ ਮਿਤੀ ਤੋਂ ਕੀਤੀ ਜਾਵੇਗੀ ।

3) ਕਿਸੇ ਵੀ ਕਿਸਮ ਦੀ ਛੁੱਟੀ (ਸਮੇਤ ਬਿਮਾਰੀ ਦੀ ਛੁੱਟੀ ਦੇ) ਲੈਕਚਰਾਂ ਦੀ ਘਾਟ ਨੂੰ ਪੂਰਾ ਕਰਨ ਵਿੱਚ ਸਹਾਈ ਨਹੀਂ ਹੋਵੇਗੀ ।

4) ਸਰਕਾਰੀ ਹਦਾਇਤਾਂ ਅਨੁਸਾਰ ਕਲਾਸ ਵਿੱਚ ਲਗਾਤਾਰ 10 ਦਿਨ ਗੈਰ-ਹਾਜਰ ਰਹਿਣ ਤੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ ।

II) ਸਮੂਹ ਵਿਦਿਆਰਥੀਆਂ ਲਈ ਹੋਰ ਹਦਾਇਤਾਂ ਅਤੇ ਨਿਯਮ :-

1) ਸਾਰੇ ਦਾਖ਼ਲਾ ਫਾਰਮ ਯੂਨੀਵਰਸਿਟੀ ਨੂੰ ਆਰਜੀ ਤੌਰ ਤੇ ਭੇਜੇ ਜਾਂਦੇ ਹਨ ।

2) ਸਿਰਫ ਦਾਖ਼ਲਾ ਫਾਰਮ ਭੇਜੇ ਜਾਣ ਨਾਲ ਕੋਈ ਵਿਦਿਆਰਥੀ ਯੂਨੀਵਰਸਿਟੀ ਦੀ ਪ੍ਰੀਖਿਆ ਦੇਣ ਦਾ ਹੱਕਦਾਰ ਨਹੀਂ ਹੋ ਜਾਂਦਾ ।

3) ਯੂਨੀਵਰਸਿਟੀ ਵੱਲੋਂ ਰੋਲ ਨੰਬਰ ਕਾਲਜ ਨੂੰ ਆਰਜੀ ਤੌਰ ਤੇ ਭੇਜੇ ਜਾਂਦੇ ਹਨ ਅਤੇ ਨਿਸ਼ਚਿਤ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਂਦੇ ।

4) ਯੂਨੀਵਰਸਿਟੀ ਦੀ ਪ੍ਰੀਖਿਆਂ ਵਿੱਚ ਬੈਠਣ ਲਈ ਵਿਦਿਆਰਥੀ ਵੱਲੋਂ ਹਾਜਰੀਆਂ ਅਤੇ ਘਰੇਲੂ ਪ੍ਰੀਖਿਆਵਾਂ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਜਰੂਰੀ ਹਨ ।

5) ਦਾਖ਼ਲਾ ਰੋਕੇ ਜਾਣ ਤੇ ਯੂਨੀਵਰਸਿਟੀ ਨਿਯਮਾਂ ਬਾਰੇ ਅਗਿਆਨਤਾ ਦਾ ਬਹਾਨਾ ਨਹੀਂ ਮੰਨਿਆ ਜਾਵੇਗਾ ।

## ਕਾਲਜ ਹਦਾਇਤਾਂ ਅਤੇ ਨਿਯਮ :-

1 ਯੂਨੀਵਰਸਿਟੀ ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਵਿਦਿਆਰਥੀ ਨੂੰ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ । ਇਹ ਸ਼ਰਤਾਂ ਪੂਰੀਆਂ ਨਾ ਕਰਲ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ।

2 ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜਿਸ ਵਿਦਿਆਰਥੀ ਦੀ ਪਹਿਲੇ ਸਮੈਸਟਰ ਦੇ ਕਿਸੇ ਵੀ ਵਿਸ਼ੇ ਵਿੱਚੋਂ ਰੀ-ਅਪੀਅਰ ਹੈ, ਉਹ ਵਿਦਿਆਰਥੀ ਛੇਵੇਂ ਸਮੈਸਟਰ ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਯੋਗ ਨਹੀਂ ਹੈ ।

3 ਹਰ ਵਿਦਿਆਰਥੀ ਲਈ ਘਰੇਲੂ ਪ੍ਰੀਖਿਆ ਵਿੱਚ ਬੈਠਣਾ ਲਾਜ਼ਮੀ ਹੈ ਪਰ ਜਿਹੜੇ ਵਿਦਿਆਰਥੀ ਸੱਭਿਆਚਾਰਕ ਗਤੀਵਿਧੀਆਂ, ਖੇਡਾਂ, ਬਿਮਾਰੀ ਜਾਂ ਕਿਸੇ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਪ੍ਰੀਖਿਆ ਵਿੱਚ ਨਹੀਂ ਬੈਠ ਸਕਦੇ, ਉਹਨਾਂ ਨੂੰ ਪ੍ਰਿੰਸੀਪਲ ਦੀ ਪੂਰਵ-ਪ੍ਰਵਾਨਗੀ ਲੈਣ ਉਪਰੰਤ ਰਜਿਸਟਰਾਰ (ਘਰੇਲੂ ਪ੍ਰੀਖਿਆ) ਤੋਂ ਮਿਤੀ ਲੈ ਕੇ ਪ੍ਰੀਖਿਆ ਦੇਣੀ ਹੋਵੇਗੀ । ਪ੍ਰੀਖਿਆ ਨਾ ਦੇਣ ਦੀ ਸੂਰਤ ਵਿੱਚ ਉਸਨੂੰ ਯੂਨੀਵਰਸਿਟੀ ਪ੍ਰੀਖਿਆ ਦਾ ਰੋਲ ਨੰਬਰ ਨਹੀਂ ਦਿੱਤਾ ਜਾਵੇਗਾ ।

4 ਕਾਲਜ ਅਨੁਸ਼ਾਸਨ ਭੰਗ ਕਰਨ ਵਾਲੇ ਕਿਸੇ ਵੀ ਵਿਦਿਆਰਥੀ ਦੇ ਖਿਲਾਫ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਢੁਕਵਾਂ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ।

5 ਕਾਲਜ ਸੰਪੱਤੀ ਅਤੇ ਕਾਲਜ ਕੈਂਪਸ ਦੀ ਸਾਂਭ ਸੰਭਾਲ ਹਰ ਵਿਦਿਆਰਥੀ ਦਾ ਬੁਨਿਆਦੀ ਫਰਜ਼ ਹੈ । ਕਾਲਜ ਸੰਪੱਤੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਦਿਆਰਥੀ ਨੂੰ ਨੁਕਸਾਨ ਕੀਤੀ ਜਾਣ ਵਾਲੀ ਚੀਜ਼ ਦੇ ਮੁੱਲ ਦਾ 5 ਗੁਣਾ ਜੁਰਮਾਨਾ ਕੀਤਾ ਜਾਵੇਗਾ ਅਤੇ ਉਸਨੂੰ ਤੁਰੰਤ ਕਾਲਜ ਵਿੱਚੋਂ ਸਸਪੈਂਡ ਕਰ ਦਿੱਤਾ ਜਾਵੇਗਾ ।

6 ਵਿਦਿਆਰਥੀ ਨੂੰ ਆਪਣੀ ਫੀਸ ਦੀ ਰਸੀਦ ਸੰਭਾਲ ਕੇ ਰੱਖਣੀ ਹੋਵੇਗੀ । ਰਸੀਦ ਗੁੰਮ ਹੋਣ ਤੇ ਉਸਦਾ ਨਵਾ ਸ਼ਨਾਖਤੀ ਕਾਰਡ ਨਹੀਂ ਬਣਾਇਆ ਜਾਵੇਗਾ ਅਤੇ ਨਾ ਹੀ ਡੁਪਲੀਕੇਟ ਰਸੀਦ ਦਿੱਤੀ ਜਾਵੇਗੀ ।

7 ਸੈਸ਼ਨ ਖਤਮ ਹੋਣ ਤੋਂ ਪਹਿਲਾਂ ਜੇਕਰ ਵਿਦਿਆਰਥੀ ਆਪਣੀ ਪੜ੍ਹਾਈ ਛੱਡ ਦਿੰਦਾ ਹੈ ਤਾਂ ਉਸਨੂੰ ਕਾਲਜ ਰੋਲ ਤੋਂ ਨਾਮ ਕਟਵਾਉਣਾ ਜ਼ਰੂਰੀ ਹੈ ।

8 ਰੈਗਿੰਗ ਸਖਤ ਮਨ੍ਹਾਂ ਹੈ। ਰੈਗਿੰਗ ਸਬੰਧੀ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਵਿਰੁੱਧ ਸਖਤ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ ਅਤੇ ਇਹਨਾਂ ਵਿਦਿਆਰਥੀਆਂ ਨੂੰ ਕਾਲਜ ਵਿੱਚੋਂ ਸਸਪੈਂਡ ਵੀ ਕੀਤਾ ਜਾ ਸਕਦਾ ਹੈ ।

9 ਕਾਲਜ ਵਿੱਚ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਦੀ ਸ਼ਖਤ ਮਨਾਹੀ ਹੈ । ਅਜਿਹਾ ਕਰਦੇ ਪਕੜੇ ਜਾਣ ਦੀ ਸੂਰਤ ਵਿੱਚ ਉਸ ਵਿਦਿਆਰਥੀ ਖਿਲਾਫ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਉਸਨੂੰ ਕਾਲਜ ਵਿੱਚੋਂ ਤੁਰੰਤ ਕੱਢ ਦਿੱਤਾ ਜਾਵੇਗਾ ।

10 ਵਿਦਿਆਰਥੀਆਂ ਵੱਲੋਂ ਕਾਲਜ ਵਿੱਚ ਮੋਬਾਇਲ ਫੋਨ ਦੀ ਵਰਤੋਂ ਕਰਨ ਉਪਰ ਸਖਤ ਮਨਾਹੀ ਹੋਵੇਗੀ ।

11 ਕੋਈ ਵੀ ਵਿਦਿਆਰਥੀ ਦੋ ਵਾਰ ਸਸਪੈਂਡ ਹੋਣ ਦੀ ਸੂਰਤ ਵਿੱਚ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ ।

12 ਇਹ ਪ੍ਰਾਸਪੈਕਟ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ । ਪ੍ਰਿੰਸੀਪਲ ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ ਨੂੰ ਬਿਨਾਂ ਕਿਸੇ ਸੂਚਨਾ ਦੇ ਨਿਯਮਾਂ ਵਿੱਚ ਤਬਦੀਲੀ ਕਰਨ ਦਾ ਪੂਰਾ ਅਧਿਕਾਰ ਹੈ ।

**ਲੈਕਚਰਾਂ ਦੀ ਘਾਟ ਵਿੱਚ ਰਿਆਇਤ ਦੇ ਨਿਯਮ :-** ਜਿਹਨਾਂ ਵਿਦਿਆਰਥੀਆਂ ਦੇ ਲੈਕਚਰ ਕਾਲਜ ਨਾਲ ਸਬੰਧਤ ਕਿਸੇ ਗਤੀਵਿਧੀ ਵਿੱਚ ਭਾਗ ਲੈਣ ਕਾਰਨ 75% ਤੋਂ ਘੱਟ ਰਹਿ ਜਾਂਦੇ ਹਨ ਤਾਂ ਪ੍ਰਿੰਸੀਪਲ ਸਾਹਿਬ ਉਹਨਾਂ ਵਿਦਿਆਰਥੀਆਂ ਨੂੰ ਲੈਕਚਰਾਂ ਵਿੱਚ ਕੁਝ ਰਿਆਇਤਾਂ ਹੇਠ ਲਿਖੀਆਂ ਸਥਿਤੀਆਂ ਵਿੱਚ ਦੇ ਸਕਦੇ ਹਨ :-

1 ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਅੰਤਰ-ਯੂਨੀਵਰਸਿਟੀ, ਅੰਤਰ ਕਾਲਜ ਅਤੇ ਯੂਥ ਫੈਸਟੀਵਲ ਵਿੱਚ ਭਾਗ ਲੈਣ ਕਾਰਨ।

2 ਪ੍ਰਿੰਸੀਪਲ ਸਾਹਿਬ ਰਾਹੀਂ ਪ੍ਰਵਾਨਿਤ ਯੂਨੀਵਰਸਿਟੀ ਵਿੱਦਿਅਕ ਕੈਂਪ ਵਿੱਚ ਭਾਗ ਲੈਣ ਕਾਰਨ।

3 ਸੈਮੀਨਾਰ ਤੇ ਹਾਜਰ ਹੋਣ ਕਾਰਨ ਵਿਦਿਆਰਥੀ ਨੂੰ ਉਨ੍ਹਾਂ ਦਿਨਾਂ ਵਿੱਚ ਦਿੱਤੇ ਲੈਕਚਰਾਂ/ਪ੍ਰੈਕਟੀਕਲਾਂ ਆਦਿ ਵਿੱਚੋ ਰਿਆਇਤ ਨਿਯਮਾਂ ਅਨੁਸਾਰ ਦਿੱਤੀ ਜਾ ਸਕਦੀ ਹੈ ਜਿੰਨ੍ਹਾਂ ਦਿਨਾਂ ਵਿੱਚ ਉਸਦੀ ਹਾਜਰੀ ਨਾ ਲੱਗੀ ਹੋਵੇ। ਇਹ ਰਿਆਇਤ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ ਜਿਹੜੇ ਵਿਦਿਆਰਥੀ ਇਸ ਗਤੀਵਿਧੀ ਵਿੱਚ ਭਾਗ ਲੈਣ ਤੋਂ ਪਹਿਲਾਂ ਜਾਂ ਤੁਰੰਤ ਪਿੱਛੋਂ ਆਪਣੇ ਇੰਚਾਰਜ ਲੈਕਚਰਾਰ ਰਾਹੀਂ ਸੂਚਨਾ ਦਫ਼ਤਰ ਅਤੇ ਪ੍ਰੀਖਿਆ ਸ਼ਾਖਾ ਵਿੱਚ ਦੇਣਗੇ, ਨਹੀਂ ਤਾਂ ਰਿਆਇਤ ਨਹੀਂ ਦਿੱਤੀ ਜਾਵੇਗੀ।

4 ਇਹ ਰਿਆਇਤ ਮੈਡੀਕਲ ਆਧਾਰ ਤੇ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕਾਲਜ ਤੋਂ ਦੂਰੀ ਲੈਕਚਰਾਂ ਵਿੱਚ ਰਿਆਇਤ ਦਾ ਅਧਾਰ ਹੋਵੇਗੀ।

5 ਯੂਨੀਵਰਸਿਟੀ ਦੇ ਇਮਤਿਹਾਨਾਂ ਲਈ ਯੋਗਤਾ ਵਾਸਤੇ ਲੈਕਚਰ ਅਤੇ ਹੋਰ ਸ਼ਰਤਾਂ ਸਬੰਧੀ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ ਜਿੰਨ੍ਹਾਂ ਬਾਰੇ ਸਮੇਂ-ਸਮੇਂ ਤੇ ਨਿਰਦੇਸ਼ ਟਿਊਟੋਰੀਅਲ ਗਰੁੱਪ ਅਤੇ ਨੋਟਿਸ ਰਾਹੀਂ ਦਿੱਤੇ ਜਾਣਗੇ ।

## ਨੋ-ਡਿਊ ਸਰਟੀਫਿਕੇਟ

ਸਾਰੇ ਵਿਦਿਆਰਥੀ ਸੈਸ਼ਨ ਦੇ ਅੰਤ ਤੇ ਕਾਲਜ ਛੱਡਣ ਤੋਂ ਪਹਿਲਾਂ ਪੀ.ਟੀ.ਏ., ਕੰਨਟੀਨ, ਲਾਇਬ੍ਰੇਰੀ, ਖੇਡ ਵਿਭਾਗ, ਐਨ.ਐਸ.ਐਸ., ਸਾਇਕਲ ਸਟੈਂਡ ਅਤੇ ਦਫ਼ਤਰ ਤੋ ਨੋ-ਡਿਊ ਸਰਟੀਫਿਕੇਟ ਪ੍ਰਾਪਤ ਕਰਨਗੇ।

## ਕਾਲਜ ਕੈਂਪਸ ਵਿੱਚ

### ਨੈਸ਼ਨਲ ਸਰਵਿਸ ਸਕੀਮ

ਇਸ ਯੋਜਨਾ ਦਾ ਮੰਤਵ ਵਿਦਿਆਰਥੀਆਂ (ਲੜਕੇ/ਲੜਕੀਆਂ) ਵਿੱਚ ਸਮਾਜ ਸੇਵਾ, ਸਵੈ-ਸਨਮਾਨ ਅਤੇ ਸਮਾਜਿਕ ਭਲਾਈ ਦੀ ਭਾਵਨਾ ਪੈਦਾ ਕਰਨਾ ਹੈ। ਵਲੰਟੀਅਰਾਂ ਲਈ ਸਾਲ ਵਿੱਚ 120 ਘੰਟੇ ਸੇਵਾ ਕਰਨੀ ਜ਼ਰੂਰੀ ਹੈ। ਇਸ ਵਿੱਚ ਅੱਠ ਘੰਟਿਆਂ ਦੇ ਛੇ ਇਕ ਰੋਜ਼ਾ ਕੈਂਪਾਂ ਦਾ ਆਯੋਜਨ ਕਰਨਾ ਅਤੇ ਇਸ ਤੋਂ ਇਲਾਵਾ ਸਮਾਜਿਕ ਭਲਾਈ, ਪਿੰਡਾਂ ਵਿੱਚ ਲਾਇਬ੍ਰੇਰੀਆਂ ਖੁਲਵਾਉਣਾ, ਕਾਲਜ ਕੈਂਪਸ ਨੂੰ ਸੁੰਦਰ ਬਣਾਉਣਾ, ਹਸਪਤਾਲਾਂ ਵਿੱਚ ਸੇਵਾ ਕਰਨਾ, ਅਵਿਕਸਤ ਬਸਤੀਆਂ ਦੇ ਸੁਧਾਰ ਲਈ, ਅਨਪੜ੍ਹਾਂ ਨੂੰ ਸਕੂਲੀ ਸਿੱਖਿਆ ਲਈ ਪ੍ਰੇਰਿਤ ਕਰਨਾ ਅਤੇ ਕਾਲਜ ਪੱਧਰ ਤੇ ਸਿਹਤ, ਖੇਤੀ, ਉਦਯੋਗ, ਪਰਿਵਾਰ ਕਲਿਆਣ ਦੇ ਸਬੰਧ ਵਿੱਚ ਮਾਹਰਾਂ ਵੱਲੋਂ ਲੈਕਚਰ ਕਰਾਏ ਜਾਣਾ ਵੀ ਸ਼ਾਮਿਲ ਹੈ। ਦਸ ਰੋਜ਼ਾ ਕੈਂਪ ਦੇ ਘੰਟੇ ਇਸ ਵਿੱਚ ਸ਼ਾਮਿਲ ਨਹੀਂ ਕੀਤੇ ਜਾਣਗੇ।

### ਸਾਲਾਨਾ ਖੇਡ ਸਮਾਰੋਹ

ਕਾਲਜ ਵਿੱਚ ਹਰ ਸਾਲ ਸਾਲਾਨਾ ਖੇਡ ਸਮਾਰੋਹ ਕਰਵਾਇਆ ਜਾਂਦਾ ਹੈ ਜਿਹੜਾ ਇਕ ਪਾਸੇ ਵਿਦਿਆਥੀਆਂ ਦੀ ਪ੍ਰਤਿਭਾ, ਮਿਹਨਤ ਅਤੇ ਕੁਸ਼ਲਤਾ ਨੂੰ ਪ੍ਰਗਟ ਕਰਦਾ ਹੈ ਅਤੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਦਾ ਹੈ। ਕਾਲਜ ਦੇ ਵਿਸ਼ਾਲ ਖੇਡ ਸਟੇਡੀਅਮ ਵਿੱਚ ਲੜਕੇ ਅਤੇ ਲੜਕੀਆਂ ਦੇ ਵੱਖ-ਵੱਖ ਐਥਲੈਟਿਕਸ ਮੁਕਾਬਲੇ ਕਰਵਾਏ ਜਾਂਦੇ ਹਨ ਜਿਵੇਂ ਰੇਸ 5000 ਮੀਟਰ, 1500 ਮੀ:, 400 ਮੀ:, 200 ਮੀ:, 100 ਮੀ:, ਤਿੰਨ ਟੰਗੀ ਰੇਸ, ਚਾਟੀ ਰੇਸ, ਗੋਲਾ ਸੁੱਟਣਾ, ਚੱਕਾ ਸੁੱਟਣਾ, ਨੇਜਾ ਸੁੱਟਣਾ, ਲੰਬੀ ਛਾਲ, ਉੱਚੀ ਛਾਲ ਆਦਿ । ਇਹਨਾਂ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਜੇਤੂ, ਉਪ-ਜੇਤੂ ਅਤੇ ਤੀਸਰੇ ਸਥਾਨ ਤੇ ਰਹਿਣ ਵਾਲੇ ਲੜਕੇ ਅਤੇ ਲੜਕੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਕਾਲਜ ਦੇ ਬੈਸਟ ਐਥਲੀਟ ਲੜਕੇ ਅਤੇ ਲੜਕੀ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਹੈ।

### ਸਾਲਾਨਾ ਇਨਾਮ ਵੰਡ ਸਮਾਰੋਹ

ਵੱਖ-ਵੱਖ ਖੇਤਰਾਂ ਵਿੱਚ ਕਰੜੀ ਮਿਹਨਤ ਉਪਰੰਤ ਵਿਦਿਆਰਥੀਆਂ ਦੀ ਹੋਸਲਾ ਅਫ਼ਜਾਈ ਕਰਨ ਲਈ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਜਾਂਦਾ ਹੈ।ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਜਿਵੇਂ ਸਮੈਸਟਰ ਪ੍ਰੀਖਿਆਵਾਂ, ਘਰੇਲੂ ਪ੍ਰੀਖਿਆਵਾਂ, ਖੇਤਰੀ ਯੂਥ ਫੈਸਟੀਵਲ, ਯੂਨੀਵਰਸਿਟੀ ਯੂਥ ਫੈਸਟੀਵਲ, ਖੇਡਾਂ, ਐਨ.ਐਸ.ਐਸ., ਰੈਡ ਕਰਾਸ, ਯੂਥ ਕਲੱਬ ਅਤੇ ਹੋਰ ਗਤੀਵਿਧੀਆਂ ਵਿਚ ਨਾਮਣਾ ਖੱਟਣ ਕਾਰਨ ਇਨਾਮ ਦਿੱਤੇ ਜਾਂਦੇ ਹਨ।

### ਸੱਭਿਆਚਰਕ ਸਮਾਗਮ

ਵਿਦਿਆਰਥੀਆਂ ਨੂੰ ਸਿਹਤਮੰਦ ਅਤੇ ਨਰੋਈ ਮਾਨਸਿਕਤਾ ਪ੍ਰਦਾਨ ਕਰਨ ਲਈ ਅਤੇ ਆਪਣੇ ਸੱਭਿਆਚਾਰ ਨਾਲ ਜੋੜਨ ਲਈ ਸਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ। ਜਿਸ ਵਿੱਚ ਵਿਦਿਆਰਥੀਆਂ ਨੂੰ ਗਿੱਧਾ, ਭੰਗੜਾ, ਨਾਟਕ ਕਲਾ,ਕੋਰੀਓਗ੍ਰਾਫੀ, ਗੀਤ-ਸੰਗੀਤ, ਵਾਰ ਗਾਇਨ, ਕਵੀਸ਼ਰੀ, ਨਕਲਾਂ ਆਦਿ ਦੀ ਸਿੱਖਿਆ ਮਿਲਦੀ ਹੈ ਅਤੇ ਯੂਥ ਫੈਸਟੀਵਲ ਦੀ ਚੰਗੀ ਤਿਆਰੀ ਹੁੰਦੀ ਹੈ ।

### ਕਨਵੋਕੇਸ਼ਨ

ਕਨਵੋਕੇਸ਼ਨ ਭਾਵ ਡਿਗਰੀ ਵੰਡ ਸਮਾਰੋਹ ਵਿਦਿਆਰਥੀਆਂ ਦੇ ਕਾਲਜ ਦੀ ਜ਼ਿੰਦਗੀ ਦਾ ਸਿਖਰ ਹੁੰਦਾ ਹੈ। ਕਾਲਜ ਦੇ ਗਰੈਜੂਏਟ ਅਤੇ ਪੋਸਟ ਗਰੈਜੂਏਟ ਵਿਦਿਆਰਥੀ ਨਿਰਧਾਰਤ ਵਸਤਰ ਪਹਿਨਣ ਉਪਰੰਤ ਵਿੱਦਿਅਕ ਖੇਤਰ ਦੀ ਕਿਸੇ ਨਾਮਵਰ ਸ਼ਖ਼ਸੀਅਤ ਤੋਂ ਡਿਗਰੀ ਪ੍ਰਾਪਤ ਕਰਦੇ ਹਨ ।

## ਯੂਥ ਫੈਸਟੀਵਲ

ਪੰਜਾਬ ਯੂਨੀਵਰਸਿਟੀ ਵੱਲੋਂ ਖੇਤਰੀ ਅਤੇ ਅੰਤਰ ਖੇਤਰੀ ਪੱਧਰ ਤੇ ਵੱਖ-ਵੱਖ ਕਲਾਵਾਂ ਅਤੇ ਸਭਿਆਚਾਰਕ ਗਤੀਵਿਧੀਆਂ ਦੇ ਦਿਲਕਸ਼ ਮੁਕਾਬਲੇ ਕਰਵਾਏ ਜਾਂਦੇ ਹਨ ਜਿਸ ਵਿੱਚ ਇਸ ਕਾਲਜ ਦੇ ਵਿਦਿਆਰਥੀ ਵੀ ਹਰ ਖੇਤਰ ਵਿੱਚ ਮੱਲ੍ਹਾਂ ਮਾਰ ਕੇ ਕਾਲਜ ਦਾ ਅਤੇ ਆਪਣਾ ਨਾਮ ਰੋਸ਼ਨ ਕਰਦੇ ਹਨ। ਕਾਲਜ ਵਿੱਚ ਵਿਦਿਆਰਥੀਆਂ ਨੂੰ ਟੇਲੰਟ ਹੰਟ ਪ੍ਰਤੀਯੋਗਤਾ ਰਾਹੀਂ ਖੋਜ ਕੇ ਸਮੂਹ ਸਟਾਫ ਰਾਹੀਂ ਵੱਖ-ਵੱਖ ਬੌਧਿਕ ਅਤੇ ਕਲਾਤਮਕ ਗਤੀਵਿਧੀਆਂ ਜਿਵੇਂ ਕਿ ਡੀਬੇਟ, ਕਵਿਤਾ ਉੱਚਾਰਣ, ਕਹਾਣੀ ਰਚਨਾ, ਲੇਖ ਰਚਨਾ, ਕੁਇਜ਼, ਨਾਟਕ, ਸਕਿੱਟ, ਨਕਲ, ਮਾਈਮ, ਗੀਤ, ਗਜ਼ਲ, ਭਜਨ, ਸਮੂਹ ਗਾਣ, ਕਵਿਸ਼ਰੀ, ਗਿੱਧਾ, ਭੰਗੜਾ ਅਤੇ ਹੋਰ ਨਾਚਾਂ ਲਈ ਤਿਆਰ ਕੀਤਾ ਜਾਂਦਾ ਹੈ। ਕੋਮਲ ਕਲਾਵਾਂ ਜਿਵੇਂ ਰੰਗੋਲੀ, ਪੇਟਿੰਗ, ਕੋਲਾਜ਼ ਮੇਕਿੰਗ, ਕਲੇਅ ਮਾਡਲਿੰਗ,ਪੱਖੀ ਬੁਣਨਾ ਅਤੇ ਹੋਰ ਲੋਕ-ਹੁਨਰਾਂ ਦਾ ਵੀ ਯੁਵਕ ਮੇਲੇ ਵਿੱਚ ਵਿਸ਼ੇਸ਼ ਆਕਰਸ਼ਣ ਅਤੇ ਸਥਾਨ ਹੁੰਦਾ ਹੈ।

## ਪੀ.ਟੀ.ਏ. (ਮਾਪੇ-ਅਧਿਆਪਕ ਐਸੋਸ਼ੀਏਸ਼ਨ)

ਮਾਪੇ ਅਧਿਆਪਕ ਐਸੋਸ਼ੀਏਸ਼ਨ ਕਾਲਜ ਦੀ ਰੀੜ੍ਹ ਦੀ ਹੱਡੀ ਹੈ । ਇਸ ਸੰਸਥਾ ਵਿੱਚ ਮਾਪੇ ਅਤੇ ਅਧਿਆਪਕ ਮਿਲ ਕੇ ਕਾਲਜ ਦੀ ਅਰਥ ਵਿਵਸਥਾ ਦਾ ਸੰਚਾਲਨ ਕਰਦਿਆਂ ਹੋਇਆਂ ਕਾਲਜ ਦੇ ਪ੍ਰਸ਼ਾਸ਼ਨ ਨੂੰ ਚਲਾਉਣ ਅਤੇ ਵਿੱਦਿਅਕ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦੇ ਹਨ । ਇਸ ਸੰਸਥਾ ਦੇ ਅਹੁਦੇਦਾਰ ਹਰ ਸਾਲ ਚੁਣੇ ਜਾਂਦੇ ਹਨ । ਕਾਲਜ ਦੇ ਪ੍ਰਿੰਸੀਪਲ ਸਾਹਿਬ ਇਸ ਦੇ ਪ੍ਰਧਾਨ ਹੁੰਦੇ ਹਨ ।ਇਸ ਤੋਂ ਬਿਨਾਂ 5 ਅਹੁਦੇਦਾਰ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਪਿਆਂ ਵਿੱਚੋਂ ਚੁਣੇ ਜਾਂਦੇ ਹਨ ਅਤੇ 5 ਅਹੁਦੇਦਾਰ ਸਟਾਫ਼ ਵਿੱਚੋਂ ਚੁਣੇ ਜਾਂਦੇ ਹਨ । ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਯੋਗਦਾਨ ਬਰਾਬਰ ਹੁੰਦਾ ਹੈ । ਪੀ.ਟੀ.ਏ ਫੰਡ ਵਿੱਚੋਂ ਪੈਸੇ ਕਾਲਜ ਦੇ ਬਹੁਤ ਸਾਰੇ ਕਰਮਚਾਰੀਆਂ ਦੀਆਂ ਨਿਯੁਕਤੀਆਂ ਅਤੇ ਵਿਦਿਆਰਥੀਆਂ ਨਾਲ ਸਬੰਧਤ ਭਲਾਈ ਸਕੀਮਾਂ ਲਈ ਵਰਤੇ ਜਾਂਦੇ ਹਨ ।

## ਸੈਮੀਨਾਰ

ਵੋਕੇਸ਼ਨਲ :- ਕਾਲਜ ਵਿੱਚ ਬੱਚਿਆਂ ਨੂੰ ਕੇਵਲ ਕਲਾਸਾਂ ਰਾਹੀਂ ਹੀ ਵਿੱਦਿਆ ਨਹੀਂ ਦਿੱਤੀ ਜਾਂਦੀ ਸਗੋਂ ਉਹਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਕਿੱਤਿਆਂ ਦੀ ਚੋਣ ਅਤੇ ਤਿਆਰੀ ਸਬੰਧੀ ਵੱਖ-ਵੱਖ ਖੇਤਰਾਂ ਦੇ ਮਾਹਿਰ ਵਿਦਵਾਨਾਂ ਰਾਹੀਂ ਵਡਮੁੱਲੀ ਜਾਣਕਾਰੀ ਵੀ ਮੁਹੱਈਆ ਕਰਵਾਈ ਜਾਂਦੀ ਹੈ।

ਐਜੂਕੇਸ਼ਨਲ:- ਕਾਲਜ ਦੇ ਬੱਚਿਆਂ ਦੇ ਬੌਧਿਕ ਵਿਕਾਸ ਲਈ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਸਭਾ ਸੋਸਾਇਟੀਆਂ ਵੱਲੋਂ ਸਮੇਂ-ਸਮੇਂ ਤੇ ਸੈਮੀਨਾਰ ਕਰਵਾਏ ਜਾਂਦੇ ਹਨ ਜਿਸ ਵਿੱਚ ਯੂਨੀਵਰਸਿਟੀਆਂ ਅਤੇ ਹੋਰ ਕਾਲਜਾਂ ਦੇ ਵਿਦਵਾਨਾਂ ਦੇ ਨਾਲ-ਨਾਲ ਇਸ ਕਾਲਜ ਦੇ ਖੋਜੀ ਪ੍ਰਾਧਿਆਪਕ ਸਾਹਿਬਾਨ ਅਤੇ ਵਿਦਿਆਰਥੀ ਪਰਚੇ ਪੜ੍ਹਦੇ ਹਨ ਅਤੇ ਭਖਵੀਂ ਬਹਿਸ ਵਿੱਚ ਹਿੱਸਾ ਲੈਂਦੇ ਹਨ। ਕਾਲਜ ਵਿੱਚ ਬਹੁਤ ਸੰਦਰ ਅਤੇ ਸੁਸੱਜਿਤ ਸੈਮੀਨਾਰ ਹਾਲ ਹੈ।

## ਐਜੂਕੇਸ਼ਨਲ ਟੂਰ

ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕਰਨ ਲਈ ਅਤੇ ਉਹਨਾਂ ਨੂੰ ਆਪਣੇ ਦੇਸ਼ ਅਤੇ ਕੌਮ ਦੇ ਇਤਿਹਾਸ ਨੂੰ ਵਰਤਮਾਨ ਨਾਲ ਜੋੜਨ ਲਈ ਹਰ ਸਾਲ ਵਿੱਦਿਅਕ ਟੂਰ ਕਰਵਾਏ ਜਾਂਦੇ ਹਨ। ਜਿੱਥੇ ਵਿਦਿਆਰਥੀ ਆਪਣੇ ਪ੍ਰਾਧਿਆਪਕਾਂ ਦੀ ਅਗਵਾਈ ਵਿੱਚ ਵਡਮੁੱਲਾ ਗਿਆਨ ਹਾਸਿਲ ਕਰਕੇ ਆਪਣੀ ਸ਼ਖਸੀਅਤ ਨੂੰ ਪ੍ਰਫੁੱਲਤ ਕਰਦੇ ਹਨ। ਇਤਿਹਾਸਕ ਸਥਾਨਾਂ, ਧਾਰਮਿਕ ਸਥਾਨਾਂ, ਸਰਹੱਦੀ ਚੌਕੀਆਂ, ਪਹਾੜੀ ਖੇਤਰਾਂ, ਸਾਇੰਸ ਸਿਟੀ, ਬੋਟੈਨੀਕਲ ਗਾਰਡਨ, ਉਦਯੋਗਿਕ ਅਤੇ ਵਪਾਰਕ ਸੰਸਥਾਵਾਂ ਦੀ ਯਾਤਰਾ ਵਿਦਿਆਰਥੀਆਂ ਨੂੰ ਕਰਵਾਈ ਜਾਂਦੀ ਹੈ ।

## ਸਿਹਤ ਸੁਧਾਰ ਕੈਂਪ

ਵਿਦਿਆਰਥੀਆਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦੀ ਜਾਣਕਾਰੀ ਦੇਣ ਲਈ ਅਤੇ ਨਰੋਈ ਸਿਹਤ ਦਾ ਵਿਕਾਸ ਕਰਨ ਲਈ ਸਮੇਂ-ਸਮੇਂ ਤੇ ਸਿਹਤ ਸੁਧਾਰ ਕੈਂਪ ਲਗਾਏ ਜਾਂਦੇ ਹਨ ਜਿਸ ਵਿੱਚ ਦੰਦਾਂ ਦੀ ਦੇਖਭਾਲ, ਅੱਖਾਂ ਦੀ ਸੰਭਾਲ, ਖੂਨ ਦਾਨ ਕੈਂਪ ਅਤੇ ਮੈਡੀਕਲ ਚੈਕ-ਅੱਪ ਕੈਂਪ ਸ਼ਾਮਿਲ ਹਨ। ਬੱਚਿਆਂ ਨੂੰ ਕਿਸ਼ੋਰ ਅਵਸਥਾ ਵਿੱਚ ਹੋਣ ਵਾਲੀਆਂ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਬਾਰੇ ਮਨੋਚਕਿਤਸਕ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਹੈ।

## ਸਭਾਵਾਂ ਅਤੇ ਸੋਸਾਇਟੀਆਂ

ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕਾਲਜ ਵਿੱਚ ਕਈ ਸਭਾਵਾਂ ਕ੍ਰਿਆਸ਼ੀਲ ਹਨ ਜਿਵੇਂ ਕਿ ਪੰਜਾਬੀ ਸਾਹਿਤ ਸਭਾ, ਇੰਗਲਿਸ਼ ਲਿਟਰੇਰੀ ਸੋਸਾਇਟੀ, ਰਾਜਨੀਤੀ ਸ਼ਾਸਤਰ ਸੋਸਾਇਟੀ, ਸਾਇੰਸ ਸੋਸਾਇਟੀ, ਹਿਸਾਬ ਸੋਸਾਇਟੀ, ਕਾਮਰਸ ਸੋਸਾਇਟੀ, ਫਿਲਾਸਫ਼ੀ ਸੋਸਾਇਟੀ, ਭੂਗੋਲ ਸੋਸਾਇਟੀ, ਹਿੰਦੀ ਸਾਹਿਤ ਸਭਾ, ਇਤਿਹਾਸ ਸੋਸਾਇਟੀ, ਅਰਥ ਸ਼ਾਸਤਰ ਸੋਸਾਇਟੀ ਤੇ ਸਰੀਰਕ ਸਿੱਖਿਆ ਸੋਸਾਇਟੀ ਆਦਿ। ਇਨ੍ਹਾਂ ਰਾਹੀਂ ਵੱਖ-ਵੱਖ ਥਾਵਾਂ ਤੇ ਵਿੱਦਿਅਕ ਟੂਰ, ਕੁਇਜ਼ ਮੁਕਾਬਲੇ, ਭਾਸ਼ਨ ਪ੍ਰਤੀਯੋਗਤਾਵਾਂ, ਕਵਿਤਾ-ਪਾਠ ਮੁਕਾਬਲੇ, ਐਕਸਟੈਂਸ਼ਨ ਲੈਕਚਰ ਅਤੇ ਹੋਰ ਗਿਆਨ ਭਰਪੂਰ ਪ੍ਰੋਗਰਾਮ ਕਰਵਾਏ ਜਾਂਦੇ ਹਨ।

## ਮੁਕਤੀਸਰ

ਵਿਦਿਆਰਥੀਆਂ ਨੂੰ ਆਪਾ ਪ੍ਰਗਟਾਉਣ ਅਤੇ ਉਹਨਾਂ ਦੀਆਂ ਸਿਰਜਣਾਤਮਕ ਰੁਚੀਆਂ ਨੂੰ ਪ੍ਰਫੁੱਲਤ ਕਰਨ ਲਈ ਸਾਲ ਵਿੱਚ ਇੱਕ ਵਾਰ ਕਾਲਜ ਮੈਗਜ਼ੀਨ (ਮੁਕਤੀਸਰ) ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਵਿੱਚ ਅੰਗਰੇਜ਼ੀ, ਪੰਜਾਬੀ, ਹਿੰਦੀ, ਵਿਗਿਆਨ ਅਤੇ ਕਾਮਰਸ ਭਾਗ ਹੁੰਦੇ ਹਨ । 'ਮੁਕਤੀਸਰ' ਪ੍ਰਿੰਸੀਪਲ ਸਾਹਿਬ ਰਾਹੀਂ ਨਿਯੁਕਤ ਸੰਪਾਦਕ ਮੰਡਲ ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਵੱਖ-ਵੱਖ ਭਾਗਾਂ ਦੇ ਇੰਚਾਰਜ ਪ੍ਰੋਫ਼ੈਸਰ ਸਾਹਿਬਾਨ ਵਿਦਿਆਰਥੀਆਂ ਵਿੱਚੋਂ ਸੰਪਾਦਕ ਅਤੇ ਸਹਿ-ਸੰਪਾਦਕ ਦੀ ਚੋਣ ਲਿਖਤੀ ਟੈਸਟ ਲੈ ਕੇ ਕਰਦੇ ਹਨ । ਕਾਲਜ ਦੇ ਸਾਰੇ ਪ੍ਰਾਧਿਆਪਕ ਵਿਦਿਆਰਥੀ-ਸੰਪਾਦਕਾਂ ਦੀ ਅਗਵਾਈ ਕਰਦੇ ਹਨ। ਹਰ ਭਾਗ ਦੇ ਵਿਦਿਆਰਥੀ-ਸੰਪਾਦਕ, ਸਹਿ-ਸੰਪਾਦਕ ਅਤੇ ਹਰ ਭਾਗ ਦੇ ਸਰਵੋਤਮ ਲੇਖਕ ਨੂੰ ਮੈਰਿਟ ਸਰਟੀਫਿਕੇਟ ਅਤੇ ਪੁਰਸਕਾਰ ਦਿੱਤਾ ਜਾਂਦਾ ਹੈ।

## ਓਲਡ ਸਟੂਡੈਂਟਸ ਐਸੋਸੀਏਸ਼ਨ

ਕਾਲਜ ਦੇ ਪੁਰਾਣੇ ਵਿਦਿਆਰਥੀਆਂ ਅਤੇ ਪ੍ਰਾਧਿਆਪਕਾਂ ਨੂੰ ਇਸ ਸੰਸਥਾ ਨਾਲ ਜੋੜੀ ਰੱਖਣ ਲਈ, ਨਵੀਂ ਪੀੜ੍ਹੀ ਨੂੰ ਬੀਤੇ ਸਮੇਂ ਦੇ ਵਿਦਿਆਰਥੀਆਂ ਦੇ ਰੂ-ਬ-ਰੂ ਹੋਣ ਦਾ ਮੌਕਾ ਪ੍ਰਦਾਨ ਕਰਨ ਲਈ ਅਤੇ ਨੌਜਵਾਨ ਵਿਦਿਆਰਥੀਆਂ ਨੂੰ ਨੈਤਿਕ ਦਿਸ਼ਾ ਪ੍ਰਦਾਨ ਕਰਨ ਤੋਂ ਬਿਨ੍ਹਾਂ ਕਾਲਜ ਦੇ ਸਰਵ-ਪੱਖੀ ਵਿਕਾਸ ਵਿੱਚ ਸਹਿਯੋਗ ਪ੍ਰਾਪਤ ਕਰਨ ਲਈ ਓਲਡ ਸਟੂਡੈਂਟਸ ਐਸੋਸੀਏਸ਼ਨ ਬਣੀ ਹੋਈ ਹੈ। ਨਿਸ਼ਚਿਤ ਫ਼ਾਰਮ ਭਰਨ ਉਪਰੰਤ ਰਜਿਸਟਰੇਸ਼ਨ ਫ਼ੀਸ ਜਮ੍ਹਾਂ ਕਰਵਾਕੇ ਕਾਲਜ ਵਿੱਚ ਪੜ੍ਹ ਚੁੱਕੇ 21 ਤੋਂ 25 ਸਾਲ ਦੇ ਪੁਰਾਣੇ ਵਿਦਿਆਰਥੀ ਐਸੋਸੀਏਟ ਮੈਂਬਰ ਅਤੇ 25 ਸਾਲ ਤੋਂ ਉੱਪਰ ਦੇ ਵਿਦਿਆਰਥੀ ਸਰਪ੍ਰਸਤ/ਜੀਵਨ ਮੈਂਬਰ/ਆਮ ਮੈਂਬਰ ਬਣ ਸਕਦੇ ਹਨ ।

# ਪੁਰਸਕਾਰ ਅਤੇ ਵਜ਼ੀਫੇ

## ਪੁਰਸਕਾਰ

1. ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ।
2. ਕਾਲਜ ਕੌਂਸਲ ਅਗਲੇ ਸਾਲ ਲਈ ਪੁਰਸਕਾਰਾਂ ਸੰਬੰਧੀ ਨਿਯਮਾਂ ਵਿੱਚ ਪਰਿਵਰਤਨ ਕਰਨ ਦਾ ਹੱਕ ਰੱਖਦੀ ਹੈ।
3. ਸਾਰੇ ਪੁਰਸਕਾਰ ਪ੍ਰਦਾਨ ਕਰਨ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਕਿ ਵਿਦਿਆਰਥੀ ਦਾ ਵਿਵਹਾਰ ਸੈਸ਼ਨ ਦੌਰਾਨ ਚੰਗਾ ਰਿਹਾ ਹੋਵੇ ਅਤੇ ਕਾਲਜ ਦੀਆਂ ਖੇਡਾਂ/ਗਤੀਵਿਧੀਆਂ ਵਿੱਚ ਲਗਾਤਾਰ ਭਾਗ ਲੈਂਦਾ ਰਿਹਾ ਹੋਵੇ।
4. ਸਾਰੇ ਪੁਰਸਕਾਰ ਪ੍ਰੋਫ਼ੈਸਰ ਇੰਚਾਰਜਾਂ ਸਮੇਤ ਕਾਲਜ ਕੌਂਸਲ ਦੀ ਸਾਂਝੀ ਮੀਟਿੰਗ ਵਿੱਚ ਪ੍ਰਵਾਨਗੀ ਮਿਲਣ ਉਪਰੰਤ ਹੀ ਦਿੱਤੇ ਜਾ ਸਕਦੇ ਹਨ।

## ਵਿੱਦਿਅਕ ਪੁਰਸਕਾਰ

### ਵਿਸ਼ੇਸ਼ ਕੀਰਤੀ ਪਦਕ (ਰੋਲ-ਆਫ਼-ਆਨਰ)

ਪੜ੍ਹਾਈ ਦੇ ਖੇਤਰ ਵਿੱਚ ਸਾਰੀਆਂ ਸ਼੍ਰੇਣੀਆਂ ਵਿੱਚ ਬੋਰਡ/ਯੂਨੀਵਰਸਿਟੀ ਵਿੱਚੋਂ ਪਹਿਲੇ ਪੰਜ ਸਥਾਨਾਂ ਵਿੱਚੋਂ ਕੋਈ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਕੀਰਤੀ ਪਦਕ ਦਿੱਤਾ ਜਾਵੇਗਾ।

### ਕਾਲਜ ਕੀਰਤੀ ਚਿੰਨ੍ਹ (ਕਾਲਜ ਕਲਰ)

1. ਬੋਰਡ/ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਸ਼ਾਮਿਲ ਵਿਦਿਆਰਥੀ ਨੂੰ ਕਾਲਜ ਕੀਰਤੀ ਚਿੰਨ੍ਹ ਪ੍ਰਦਾਨ ਕੀਤਾ ਜਾਵੇਗਾ।
2. ਬੋਰਡ/ਯੂਨੀਵਰਸਿਟੀ ਇਮਤਿਹਾਨ ਵਿੱਚ ਕਿਸੇ ਵਿਸ਼ੇ ਵਿੱਚੋਂ ਪਹਿਲੇ ਜਾਂ ਦੂਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਵੀ ਕਾਲਜ ਕੀਰਤੀ ਚਿੰਨ੍ਹ ਦਿੱਤਾ ਜਾ ਸਕਦਾ ਹੈ।

### ਵਿੱਦਿਅਕ ਪੁਰਸਕਾਰ ਦੇਣ ਲਈ ਨਿਯਮ :-

1. ਕਿਸੇ ਬੋਰਡ/ਯੂਨੀਵਰਸਿਟੀ ਵੱਲੋਂ ਅਯੋਗ ਕਰਾਰ ਦਿੱਤੇ ਗਏ ਵਿਦਿਆਰਥੀ ਨੂੰ ਕੋਈ ਪੁਰਸਕਾਰ ਪ੍ਰਦਾਨ ਨਹੀ ਕੀਤਾ ਜਾਵੇਗਾ।
2. ਇਨਾਮ ਸਾਇੰਸ, ਆਰਟਸ, ਕਾਮਰਸ ਫੈਕਲਟੀ ਦੇ ਆਧਾਰ ਤੇ ਦਿੱਤਾ ਜਾਵੇਗਾ । ਬੀ.ਐਸ.ਸੀ. ਭਾਗ I, II, ਅਤੇ III ਵਿੱਚ ਸਾਇੰਸ ਦੀਆਂ ਕਲਾਸਾਂ ਮੈਡੀਕਲ ਅਤੇ ਨਾਨ ਮੈਡੀਕਲ ਨੂੰ ਵੱਖਰੀ ਇਕਾਈ ਸਮਝ ਕੇ ਦਿੱਤੇ ਜਾਂਣਗੇ । ਜਿਸ ਸ਼੍ਰੇਣੀ ਵਿੱਚ ਪਰਚਾ ਵੱਖਰਾ ਹੋਵੇਗਾ, ਉੱਥੇ ਅਲੱਗ-ਅਲੱਗ ਇਨਾਮ ਦਿੱਤਾ ਜਾਵੇਗਾ ।
3. ਜੇ ਸ਼੍ਰੇਣੀ ਵਿੱਚ ਵਿਦਿਆਰਥੀ ਦੀ ਗਿਣਤੀ ਪੰਜ ਹੋਵੇ ਤਾਂ ਕੇਵਲ ਫ਼ਸਟ ਆਉਣ ਵਾਲੇ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ ।

## ਸੱਭਿਆਚਾਰਕ ਪੁਰਸਕਾਰ

### ਰੋਲ ਆਫ਼ ਆਨਰ (ਵਿਸ਼ੇਸ਼ ਕੀਰਤੀ ਪਦਕ)

1. ਸੱਭਿਆਚਾਰਕ ਖੇਤਰ ਵਿੱਚ ਅੰਤਰ ਕਾਲਜ ਮੁਕਾਬਲਿਆਂ ਵਿੱਚ ਘੱਟੋ ਘੱਟ 25 ਅੰਕ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਰੋਲ ਆਫ਼ ਆਨਰ ਦਾ ਹੱਕਦਾਰ ਹੋਵੇਗਾ। ਅੰਤਰ ਕਾਲਜ ਮੁਕਾਬਲਿਆਂ ਦੇ ਆਧਾਰ ਉੱਪਰ ਕੇਵਲ ਇੱਕ ਰੋਲ ਆਫ਼ ਆਨਰ ਪ੍ਰਦਾਨ ਕੀਤਾ ਜਾਵੇਗਾ।
2. ਯੂਨੀਵਰਸਿਟੀ ਪੱਧਰ ਤੇ ਯੁਵਕ ਮੇਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਵੀ ਰੋਲ ਆਫ਼ ਆਨਰ ਦਾ ਹੱਕਦਾਰ ਹੋਵੇਗਾ।
3. ਯੂਨੀਵਰਸਿਟੀ ਪੱਧਰ ਤੇ ਯੁਵਕ ਮੇਲੇ ਵਿੱਚੋਂ ਪਹਿਲੇ ਸਥਾਨ ਉੱਪਰ ਆਉਣ ਵਾਲੀ ਸਾਰੀ ਟੀਮ ਨੂੰ ਪ੍ਰੋਫ਼ੈਸਰ ਇੰਚਾਰਜ/ਕੋਆਰਡੀਨੇਟਰ ਦੀ ਸ਼ਿਫਾਰਿਸ਼ ਤੇ ਰੋਲ ਆਫ਼ ਆਨਰ ਦਿੱਤਾ ਜਾਵੇਗਾ ।
4. ਜਿਹੜਾ ਵਿਦਿਆਰਥੀ ਕੌਮੀ ਪੱਧਰ ਦੇ ਮੁਕਾਬਲੇ ਵਿੱਚ ਕਾਲਜ ਦੀ ਪ੍ਰਤੀਨਿਧਤਾ ਕਰਦਾ ਹੋਵੇ, ਉਹ ਰੋਲ ਆਫ਼ ਆਨਰ ਦਾ ਹੱਕਦਾਰ ਹੋਵੇਗਾ।
5. ਕੌਮੀ ਪੱਧਰ ਦੀ ਟੀਮ ਵਿੱਚ ਭਾਗ ਲੈਣ ਲਈ ਵੀ ਇੱਕ ਰੋਲ ਆਫ਼ ਆਨਰ ਪ੍ਰਦਾਨ ਕੀਤਾ ਜਾਵੇਗਾ।

ਕਾਲਜ ਕਲਰ (ਕਾਲਜ ਕੀਰਤੀ ਚਿੰਨ੍ਹ)

1. ਜ਼ੋਨਲ ਯੂਥ ਫੈਸਟੀਵਲ ਵਿੱਚੋਂ ਸੱਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਵੀ ਕਾਲਜ ਕਲਰ ਦਿੱਤਾ ਜਾ ਸਕਦਾ ਹੈ।
2. ਅੰਤਰ ਜ਼ੋਨਲ ਯੁਵਕ ਮੇਲੇ ਵਿੱਚੋਂ ਪਹਿਲਾ ਜਾਂ ਦੂਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਸਾਰੇ ਮੈਂਬਰਾਂ ਨੂੰ ਕਾਲਜ ਕਲਰ ਪ੍ਰਦਾਨ ਕੀਤੇ ਜਾ ਸਕਦੇ ਹਨ।
3. ਖੇਤਰੀ ਯੁਵਕ ਮੇਲੇ ਵਿੱਚੋਂ ਪਹਿਲਾ ਵਿਅਕਤੀਗਤ ਪੁਰਸਕਾਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਪ੍ਰਦਾਨ ਕੀਤਾ ਜਾ ਸਕਦਾ ਹੈ।
4. ਜ਼ੋਨ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਦੇ ਕਪਤਾਨ ਨੂੰ ਕਾਲਜ ਕਲਰ ਦਿੱਤਾ ਜਾ ਸਕਦਾ ਹੈ।

ਮੈਰਿਟ ਸਰਟੀਫਿਕੇਟ (ਯੋਗਤਾ ਪ੍ਰਮਾਣ ਪੱਤਰ)

1. ਖੇਤਰੀ ਯੁਵਕ ਮੇਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਸਾਰੇ ਮੈਂਬਰਾਂ ਨੂੰ ਯੋਗਤਾ ਪ੍ਰਮਾਣ-ਪੱਤਰ ਦਿੱਤੇ ਜਾ ਸਕਦੇ ਹਨ।
2. ਖੇਤਰੀ ਯੁਵਕ ਮੇਲੇ ਵਿੱਚ ਦੂਸਰਾ ਵਿਅਕਤੀਗਤ ਪੁਰਸਕਾਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਪ੍ਰਮਾਣ ਪੱਤਰ ਦਿੱਤਾ ਜਾ ਸਕਦਾ ਹੈ।

ਨੋਟ : ਸੱਭਿਆਚਾਰਕ ਪੁਰਸਕਾਰਾਂ ਵਿੱਚ ਅੰਕਾਂ ਦਾ ਵੇਰਵਾ ਇਸ ਪ੍ਰਕਾਰ ਹੈ।

| | | | | |
|---|---|---|---|---|
| ਅੰਤਰ ਕਾਲਜ ਮੁਕਾਬਲੇ : | ਪਹਿਲਾ ਪੁਰਸਕਾਰ | 3 ਅੰਕ | ਦੂਜਾ ਪੁਰਸਕਾਰ | 2 ਅੰਕ |
| | ਤੀਸਰਾ ਪੁਰਸਕਾਰ | 1 ਅੰਕ | ਹੌਸਲਾ ਵਧਾਊ | 1 ਅੰਕ |
| | ਟਰਾਫ਼ੀ ਜਿੱਤਣ ਵਾਲੀ ਟੀਮ ਦੇ ਦੋਹਾਂ ਮੈਂਬਰਾਂ ਨੂੰ 2-2 ਅੰਕ | | | |

(ਜੇ ਇਹਨਾਂ ਵਿੱਚੋਂ ਕਿਸੇ ਨੇ ਵਿਅਕਤੀਗਤ ਪੁਰਸਕਾਰ ਵੀ ਪ੍ਰਾਪਤ ਕੀਤਾ ਹੋਵੇ ਤਾਂ ਉਸ ਪੁਰਸਕਾਰ ਦੇ ਅੰਕ ਵੀ ਟਰਾਫ਼ੀ ਅੰਕ ਵਿੱਚ ਜੋੜੇ ਜਾਣਗੇ)

| | | | | |
|---|---|---|---|---|
| ਖੇਤਰੀ ਯੁਵਕ ਮੇਲਾ : | ਪਹਿਲਾ ਪੁਰਸਕਾਰ | 4 ਅੰਕ | | |
| | ਦੂਸਰਾ ਪੁਰਸਕਾਰ | 3 ਅੰਕ | ਤੀਸਰਾ ਪੁਰਸਕਾਰ | 2 ਅੰਕ |
| ਅੰਤਰ ਜ਼ੋਨਲ ਯੁਵਕ ਮੇਲੇ ਮੁਕਾਬਲੇ : | ਪਹਿਲਾ ਪੁਰਸਕਾਰ | 5 ਅੰਕ | | |
| | ਦੂਜਾ ਪੁਰਸਕਾਰ | 4 ਅੰਕ | ਤੀਸਰਾ ਪੁਰਸਕਾਰ | 3 ਅੰਕ |

## ਖੇਡ ਪੁਰਸਕਾਰ

ਵਿਸ਼ੇਸ਼ ਕੀਰਤੀ ਪਦਕ (ਰੋਲ ਆਫ਼ ਆਨਰ)

1. ਕੌਮੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਕੀਰਤੀ ਪਦਕ ਪ੍ਰਦਾਨ ਕੀਤਾ ਜਾ ਸਕਦਾ ਹੈ।
2. ਜਿਸ ਖਿਡਾਰੀ ਨੇ ਪ੍ਰਾਂਤਕ/ਅੰਤਰ ਯੂਨੀਵਰਸਿਟੀ ਪੱਧਰ ਦੇ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ, ਉਸ ਨੂੰ ਵਿਸ਼ੇਸ਼ ਕੀਰਤੀ ਪਦਕ ਪ੍ਰਦਾਨ ਕੀਤਾ ਜਾ ਸਕਦਾ ਹੈ।
3. ਯੂਨੀਵਰਸਿਟੀ ਪੱਧਰ ਦੇ ਖੇਡ ਮੁਕਾਬਲੇ ਵਿੱਚੋਂ ਕੋਈ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਵੀ ਵਿਸ਼ੇਸ਼ ਕੀਰਤੀ ਪਦਕ ਦਿੱਤਾ ਜਾ ਸਕਦਾ ਹੈ।
4. ਅੰਤਰ ਯੂਨੀਵਰਸਿਟੀ/ਪ੍ਰਾਂਤਕ ਪੱਧਰ ਦੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਖਿਡਾਰੀ ਨੂੰ ਵੀ ਵਿਸ਼ੇਸ਼ ਕੀਰਤੀ ਪਦਕ ਦਿੱਤਾ ਜਾ ਸਕਦਾ ਹੈ।

ਕਾਲਜ ਕਲਰ (ਕੀਰਤੀ ਚਿੰਨ੍ਹ)

1. ਜਿਸ ਖਿਡਾਰੀ ਨੇ ਪ੍ਰਾਂਤਕ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਿਆ ਹੋਵੇ, ਉਸ ਨੂੰ ਕੀਰਤੀ ਚਿੰਨ੍ਹ ਪ੍ਰਦਾਨ ਕੀਤਾ ਜਾ ਸਕਦਾ ਹੈ।
2. ਸਾਲਾਨਾ ਖੇਡ ਸਮਾਰੋਹ ਵਿੱਚ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਅਤੇ ਵਿਦਿਆਰਥਣ ਦੋਹਾਂ ਨੂੰ ਕੀਰਤੀ ਚਿੰਨ੍ਹ ਪ੍ਰਦਾਨ ਕੀਤਾ ਜਾ ਸਕਦਾ ਹੈ। ਬਰੈਕਟਡ ਹੋਣ ਦੀ ਹਾਲਤ ਵਿੱਚ ਜਿਸ ਖਿਡਾਰੀ ਦੇ ਪੁਰਸਕਾਰ ਵੱਧ ਹੋਣਗੇ, ਉਸ ਨੂੰ ਕੀਰਤੀ ਚਿੰਨ੍ਹ ਪ੍ਰਦਾਨ ਕੀਤਾ ਜਾਂਦਾ ਹੈ।
3. ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੀ ਸਾਰੀ ਟੀਮ ਦੇ ਮੈਂਬਰਾਂ ਨੂੰ ਕੀਰਤੀ ਚਿੰਨ੍ਹ ਪ੍ਰਦਾਨ ਕੀਤਾ ਜਾ ਸਕਦਾ ਹੈ।
4. ਯੂਨੀਵਰਸਿਟੀ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਕਪਤਾਨ ਨੂੰ ਕੀਰਤੀ ਚਿੰਨ੍ਹ ਦਿੱਤਾ ਜਾ ਸਕਦਾ ਹੈ।

ਮੈਰਿਟ ਸਰਟੀਫਿਕੇਟ (ਯੋਗਤਾ ਪ੍ਰਮਾਣ ਪੱਤਰ)

1. ਜਿਸ ਟੀਮ ਨੇ ਯੂਨੀਵਰਸਿਟੀ / ਅੰਤਰ ਜ਼ੋਨਲ ਪੱਧਰ ਦੇ ਖੇਡ ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ ਹੋਵੇ, ਉਸ ਦੇ ਸਾਰੇ ਮੈਂਬਰਾਂ ਨੂੰ ਯੋਗਤਾ ਪ੍ਰਮਾਣ-ਪੱਤਰ ਦਿੱਤਾ ਜਾ ਸਕਦਾ ਹੈ।
2. ਜਿਸ ਟੀਮ ਨੇ ਯੂਨੀਵਰਸਿਟੀ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਿਆ ਹੋਵੇ, ਉਸ ਦੇ ਕਪਤਾਨ ਨੂੰ ਪ੍ਰਮਾਣ ਪੱਤਰ ਦਿੱਤਾ ਜਾ ਸਕਦਾ ਹੈ।

### ਐਨ. ਐਸ. ਐਸ ਪੁਰਸਕਾਰ

ਕੀਰਤੀ ਚਿੰਨ੍ਹ

ਜਿਸ ਵਲੰਟੀਅਰ ਨੇ 10 ਰੋਜ਼ਾ ਤਿੰਨ ਕੈਂਪ ਲਗਾਏ ਹੋਣ, ਇੱਕ ਵਾਰ ਖੂਨਦਾਨ ਕੀਤਾ ਹੋਵੇ ਅਤੇ ਯੋਗਤਾ ਪ੍ਰਮਾਣ-ਪੱਤਰ ਪ੍ਰਾਪਤ ਕੀਤਾ ਹੋਵੇ, ਉਸ ਨੂੰ ਕਾਲਜ ਕੀਰਤੀ ਚਿੰਨ੍ਹ (ਇੱਕ ਲੜਕੇ ਨੂੰ ਅਤੇ ਇੱਕ ਲੜਕੀ ਨੂੰ) ਦਿੱਤਾ ਜਾਂਦਾ ਹੈ।

ਯੋਗਤਾ ਪ੍ਰਮਾਣ ਪੱਤਰ

ਦੋ 10 ਰੋਜ਼ਾ ਕੈਂਪ ਲਗਾਉਣ ਵਾਲੇ ਅਤੇ ਇੱਕ ਵਾਰ ਖੂਨਦਾਨ ਕਰਨ ਵਾਲੇ ਵਲੰਟੀਅਰ ਨੂੰ ਯੋਗਤਾ ਪ੍ਰਮਾਣ ਪੱਤਰ ਦਿੱਤਾ ਜਾਂਦਾ ਹੈ। ਇਹ ਲੜਕੇ ਅਤੇ ਲੜਕੀਆਂ ਲਈ ਇੱਕ-ਇੱਕ ਹੋਵੇਗਾ।

## ਵਜ਼ੀਫੇ, ਫ਼ੀਸ ਮੁਆਫ਼ੀ ਅਤੇ ਹੋਰ ਸਹੂਲਤਾਂ

ੳ) ਕਾਲਜ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆਂ ਲਈ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਵਜ਼ੀਫੇ ਅਤੇ ਵਿੱਤੀ ਸਹਾਇਤਾ ਦੇਣ ਦਾ ਪ੍ਰਬੰਧ ਹੈ । ਸਰਕਾਰ ਵੱਲੋਂ ਸਮੇਂ ਸਮੇਂ ਤੇ ਪ੍ਰਾਪਤ ਜਾਣਕਾਰੀ (ਸ਼ਰਤਾਂ ਅਤੇ ਬਿਨੈ-ਪੱਤਰ) ਵਿਦਿਆਰਥੀਆਂ ਨੂੰ ਨੋਟਿਸ ਬੋਰਡ ਰਾਹੀਂ ਦਿੱਤੀ ਜਾਵੇਗੀ ।

ਅ) ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥੀਆਂ ਨੇ ਦਾਖ਼ਲਾ ਲੈਣ ਸਮੇਂ ਫੀਸ ਮੁਆਫੀ ਲਈ ਲੋੜੀਂਦੇ ਦਸਤਾਵੇਜ਼ ਮੁਕੰਮਲ ਰੂਪ ਵਿੱਚ ਸਮਰੱਥ ਅਧਿਕਾਰੀ ਤੋਂ ਤਸਦੀਕ ਕਰਵਾਕੇ ਜਮ੍ਹਾਂ ਕਰਵਾਉਣੇ ਹਨ । ਫ਼ੀਸ ਵਿੱਚ ਰਿਆਇਤ ਪੰਜਾਬ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ ਦਿੱਤੀ ਜਾਵੇਗੀ ।

ੲ) ਅਨੁਸੂਚਿਤ ਜਾਤੀ ਦੇ ਵਿਦਿਆਰਥੀ ਜੋ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਜਿਹਨਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ, ਦਾਖ਼ਲਾ ਫੀਸ ਨਹੀਂ ਲਈ ਜਾਵੇਗੀ ।

ਨੋਟ :-ਉਪਰੋਕਤ ਸਕਾਲਰਸ਼ਿਪ ਸਕੀਮ ਦਾ ਲਾਭ ਪ੍ਰਾਪਤ ਕਰਨ ਲਈ ਵਿਦਿਆਰਥੀ ਦੀ ਜਾਣਕਾਰੀ ਹਿੱਤ ਪੱਤਰ ਦੀ ਕਾਪੀ, ਹਲਫ਼ੀਆ ਬਿਆਨ ਕਾਪੀ ਆਦਿ ਦਾ ਵੇਰਵਾ ਨੋਟਿਸ ਬੋਰਡ ਉੱਪਰ ਲਗਾ ਦਿੱਤਾ ਜਾਵੇਗਾ ਅਤੇ ਵਿਦਿਆਰਥੀ ਵਜ਼ੀਫਾ ਕਲਰਕ ਕੋਲੋਂ ਮੁਕੰਮਲ ਜਾਣਕਾਰੀ ਹਾਸਲ ਕਰ ਸਕਦੇ ਹਨ । ਵਿਦਿਆਰਥੀ ਇਸ ਵਜ਼ੀਫੇ ਦੀ ਪੂਰੀ ਜਾਣਕਾਰੀ ਵਿਭਾਗ ਦੀ ਵੈੱਬ ਸਾਈਟ www.scholarships.punjab.gov.in ਤੋਂ ਪ੍ਰਾਪਤ ਕਰ ਸਕਦੇ ਹਨ ।

ਫੁਟਕਲ ਵਜ਼ੀਫੇ :- ਪੰਜਾਬ ਸਰਕਾਰ ਵੱਲੋਂ ਪ੍ਰਮਾਣਿਤ ਦੰਗਾ ਪੀੜਤਾਂ ਦੇ ਬੱਚਿਆਂ ਨੂੰ ਵਜ਼ੀਫੇ ਅਤੇ ਹੋਰ ਸਿੱਖਿਆ ਸਹੂਲਤਾ ਦਿੱਤੀਆਂ ਜਾਂਦੀਆਂ ਹਨ ਜਿਸ ਵਿੱਚ ਨਵੰਬਰ 1984 ਦੇ ਦੰਗਿਆਂ ਦੌਰਾਨ ਹੋਈਆਂ ਹਿੰਸਕ ਕਾਰਵਾਈਆਂ ਅਤੇ ਸੁਰੱਖਿਆ ਫੋਰਸ ਦੇ ਐਕਸ਼ਨ ਦੇ ਨਤੀਜੇ ਵਜੋਂ ਮਾਰੇ ਗਏ ਵਿਅਕਤੀਆਂ ਦੇ ਬੱਚਿਆਂ ਨੂੰ 100% ਮੁਫਤ ਵਿੱਦਿਆ ਦੀ ਸਹੂਲਤ ਸ਼ਾਮਿਲ ਹੈ । ਹਵਾਲਾ ਪੰਜਾਬ ਸਰਕਾਰ ਪੱਤਰ ਨੰ: (ਆਈ.ਸੀ. 6/2628-33-ਮਿਤੀ 04-09-1989)

ੳ) ਨੈਸ਼ਨਲ ਲੋਨ ਸਕੀਮ ਅਧੀਨ ਗਰੀਬ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ ।

ਅ) ਉੱਚ ਕੋਟੀ ਦੇ ਖਿਡਾਰੀਆਂ ਨੂੰ ਸਟੇਟ ਅਤੇ ਕੇਂਦਰ ਵੱਲੋਂ ਵਜ਼ੀਫੇ ਦਿੱਤੇ ਜਾਂਦੇ ਹਨ ।

ੲ) ਪੰਜਾਬ ਵਕਫ਼ ਬੋਰਡ ਅਤੇ ਜਿਲ੍ਹਾ ਸੈਨਿਕ ਬੋਰਡ ਦੇ ਵਜ਼ੀਫੇ ਉੱਪਰੋਕਤ ਵਜ਼ੀਫਿਆਂ ਤੋਂ ਇਲਾਵਾ ਹਨ ।

ਸ) ਅੰਗਹੀਣ ਵਿਦਿਆਰਥੀਆਂ ਨੂੰ ਕੇਂਦਰ ਸਰਕਾਰ ਵੱਲੋਂ ਵਜ਼ੀਫੇ ਦਿੱਤੇ ਜਾਂਦੇ ਹਨ ।

ਰਾਸ਼ਟਰੀ ਵਜ਼ੀਫ਼ਾ ਸਕੀਮ :-

ਭਾਰਤ ਸਰਕਾਰ ਵੱਲੋਂ ਚਾਲੂ ਕੀਤੀ ਵਜ਼ੀਫ਼ਾ ਸਕੀਮ ਅਧੀਨ ਗਰੀਬ ਪਰ ਹੁਸ਼ਿਆਰ ਵਿਦਿਆਰਥੀਆਂ ਨੂੰ ਹਰ ਸਾਲ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਪੰਜਾਬ ਸਿੱਖਿਆ ਵਿਭਾਗ ਵੱਲੋਂ ਵਜ਼ੀਫ਼ੇ ਦਿੱਤੇ ਜਾਂਦੇ ਹਨ । ਇਹਨਾਂ ਵਜ਼ੀਫ਼ਿਆਂ ਦੀ ਗਿਣਤੀ ਭਾਰਤ ਸਰਕਾਰ ਵੱਲੋਂ ਹਰ ਸਾਲ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਹੇਠ ਲਿਖੀਆ ਸ਼ਰਤਾਂ ਅਧੀਨ ਇਹ ਵਜ਼ੀਫ਼ੇ ਦਿੱਤੇ ਜਾਂਦੇ ਹਨ ।

ੳ) ਵਿਦਿਆਰਥੀਆਂ ਨੇ ਮੈਟ੍ਰਿਕ/ਸੀਨੀਅਰ ਸੈਕੰਡਰੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਵੇ ।

ਅ) ਵਿਦਿਆਰਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2,50,000 ਰੁ: ਤੋਂ ਘੱਟ ਹੋਵੇ ।

ਵਿਦਿਆਰਥੀਆਂ ਦੀ ਹਿੰਦੀ ਪੜ੍ਹਾਈ ਲਈ ਵਜ਼ੀਫ਼ੇ :-

ਇਹ ਕੇਂਦਰ ਸਰਕਾਰ ਵੱਲੋਂ ਸਪਾਂਸਰਡ ਸਕੀਮ ਹੈ । ਇਸ ਸਕੀਮ ਅਧੀਨ 68 ਵਜ਼ੀਫੇ ਹਨ । ਇਹਨਾਂ ਵਜ਼ੀਫ਼ਿਆਂ ਦਾ ਸਾਰਾ ਖਰਚ ਭਾਰਤ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਰੀਅੰਬਰਸ ਕੀਤਾ ਜਾਂਦਾ ਹੈ । ਇਹ ਵਜ਼ੀਫਾ ਦੇਣ ਲਈ ਰਾਜ ਦੇ ਸਮੂਹ ਕਾਲਜਾਂ ਤੋਂ ਅਰਜੀਆਂ ਮੰਗੀਆਂ ਜਾਂਦੀਆਂ ਹਨ । ਅਰਜੀਆਂ ਪ੍ਰਾਪਤ ਹੋਣ ਉਪਰੰਤ ਉਹਨਾਂ ਦੀ ਮੈਰਿਟ ਬਣਾ ਕੇ ਪੰਜਾਬ ਸਰਕਾਰ ਤੋਂ ਭਾਰਤ ਸਰਕਾਰ ਨੂੰ ਭੇਜੀ ਜਾਂਦੀ ਹੈ ।

ਘੱਟ ਗਿਣਤੀ ਸਮੁਦਾਇ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ :-

ਇਸ ਸਕੀਮ ਤਹਿਤ ਸਿੱਖ, ਮੁਸਲਿਮ, ਇਸਾਈ, ਬੋਧੀ ਅਤੇ ਪਾਰਸੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਨੂੰ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.5 ਲੱਖ ਰੁਪਏ ਤੋਂ ਘੱਟ ਹੋਵੇ ਅਤੇ ਉਹਨਾਂ ਨੇ ਪਿਛਲੀ ਕਲਾਸ ਦੀ ਪ੍ਰੀਖਿਆ ਵਿੱਚੋਂ 50% ਨੰਬਰ ਪ੍ਰਾਪਤ ਕੀਤੇ ਹੋਣ, ਇਸ ਸ਼ਕਾਲਰਸ਼ਿਪ ਸਕੀਮ ਲਈ ਅਰਜੀ ਦੇ ਸਕਦੇ ਹਨ । ਹਵਾਲਾ ਡੀ.ਪੀ.ਈ.(ਕਾਲਜਾਂ) ਪੰਜਾਬ, ਚੰਡੀਗੜ੍ਹ ਪੱਤਰ ਨੰਬਰ 1126-2/9- 2007ਸਕਾ(8) ਮਿਤੀ 30-2-2008 ।

**ਨੋਟ :**

1. ਰਾਸ਼ਟਰੀ ਅਤੇ ਰਾਜ ਯੋਗਤਾ ਵਜ਼ੀਫੇ ਹਿੱਤ ਮੈਰਿਟ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲੈਣ ਵਾਲੀਆਂ ਸੰਸਥਾਵਾਂ ਵੱਲੋਂ ਉਹਨਾਂ ਦੇ ਪੱਕੇ ਪਤੇ ਤੇ ਵਜ਼ੀਫੇ ਦੇ ਖਾਲੀ ਫ਼ਾਰਮ ਭੇਜੇ ਜਾਂਦੇ ਹਨ। ਰਾਸ਼ਟਰੀ ਮੈਰਿਟ ਵਜ਼ੀਫੇ ਲਈ ਆਮਦਨ ਸਬੰਧੀ ਬਿਆਨ ਉੱਚਿਤ ਅਧਿਕਾਰੀ ਤੋਂ ਤਸਦੀਕ ਹੋਣਾ ਚਾਹੀਦਾ ਹੈ।

2 ਕਾਲਜ ਵੱਲੋਂ ਮਿਲਣ ਵਾਲੀਆਂ ਰਿਆਇਤਾਂ, ਸਹੂਲਤਾਂ, ਗਰਾਂਟਾਂ, ਵਜ਼ੀਫੇ ਆਦਿ ਲਈ ਵਿਦਿਆਰਥੀ ਆਪਣੀਆਂ ਅਰਜੀਆਂ ਨਿਸ਼ਚਿਤ ਮਿਤੀ ਤੱਕ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ । ਸਬੰਧਤ ਮਿਤੀਆਂ ਦੀ ਜਾਣਕਾਰੀ ਨੋਟਿਸ ਬੋਰਡ ਜਾਂ ਦਫਤਰ ਤੋਂ ਪ੍ਰਾਪਤ ਕਰਨਾ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੈ।

3 ਉਪਰੋਕਤ ਵਜ਼ੀਫਿਆਂ ਲਈ ਯੋਗਤਾਵਾਂ ਅਤੇ ਆਮਦਨ ਸੀਮਾਵਾਂ ਸਰਕਾਰੀ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਬਦਲੀਆਂ ਜਾ ਸਕਦੀਆਂ ਹਨ।

4 ਉਪਰੋਕਤ ਵੱਖ-ਵੱਖ ਵਜ਼ੀਫਾ ਸਕੀਮਾਂ ਸਰਕਾਰ ਵੱਲੋਂ ਸਮੇਂ-ਸਮੇਂ ਤੇ ਦਿੱਤੀਆਂ ਜਾਦੀਆਂ ਹਨ । ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਹੀ ਇਹ ਸਕੀਮਾਂ ਕਾਲਜ ਵੱਲੋਂ ਲਾਗੂ ਕੀਤੀਆਂ ਜਾਣਗੀਆਂ ।

5 ਐਸ.ਸੀ. ਵਿਦਿਆਰਥੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਜ਼ੀਫਾ ਦਿੱਤਾ ਜਾਵੇਗਾ । ਇਸ ਮੰਤਵ ਲਈ ਵਿਦਿਆਰਥੀਆਂ ਨੂੰ ਆਪਣਾ ਜਾਤੀ ਸਰਟੀਫਿਕੇਟ, ਆਪਣੇ ਮਾਤਾ / ਪਿਤਾ ਦੀ ਸਾਲਾਨਾ ਆਮਦਨ ਜੇ 2.5 ਲੱਖ ਤੋਂ ਘੱਟ ਹੋਵੇ ਦਾ ਸਰਟੀਫਿਕੇਟ, ਬੈਂਕ ਖਾਤਾ ਨੰ:, IFSC CODE, ਆਪਣਾ ਮੋਬਾਇਲ ਨੰਬਰ ਵਿਸ਼ੇਸ਼ ਤੌਰ ਤੇ ਦੇਣਾ ਹੋਵੇਗਾ ਅਤੇ ਬੈਂਕ ਖਾਤਾ ਅਧਾਰ ਕਾਰਡ ਨਾਲ ਜੁੜਿਆ ਹੋਣਾ ਚਾਹੀਦਾ ਹੈ ।

## ਜ਼ਰੂਰੀ ਹਦਾਇਤਾਂ

1 ਸਾਰੇ ਹੀ ਦਾਖ਼ਲ ਹੋਏ ਵਿਦਿਆਰਥੀ ਕਾਲਜ ਦਾ ਅਨੁਸ਼ਾਸਨ ਕਾਇਮ ਰੱਖਣ ਅਤੇ ਕਾਲਜ ਦੇ ਨਿਯਮਾਂ ਅਤੇ ਹੁਕਮਾਂ ਦੀ ਪਾਲਣਾ ਕਰਨ।

2 ਕਾਲਜ ਦੇ ਵਿਦਿਆਰਥੀ ਬਾਹਰਲੇ ਵਿਦਿਆਰਥੀਆਂ ਨੂੰ ਕਾਲਜ ਅੰਦਰ ਨਾ ਲੈ ਕੇ ਆਉਣ । ਜੇਕਰ ਕੋਈ ਬਾਹਰਲਾ ਅਨਸਰ ਕਾਲਜ ਅੰਦਰ ਦਾਖ਼ਲ ਹੁੰਦਾ ਹੈ ਤਾਂ ਉਸਦੀ ਰਿਪੋਰਟ ਤੁਰੰਤ ਕਾਲਜ ਦਫ਼ਤਰ / ਕਿਸੇ ਪ੍ਰੋਫ਼ੈਸਰ ਸਾਹਿਬ ਜਾਂ ਅਨੁਸ਼ਾਸਨੀ ਕਮੇਟੀ ਨੂੰ ਦੇਣ।

3 ਬਾਹਰਲੇ ਅਨਸਰਾਂ ਨੂੰ ਆਪਣੇ ਨਾਲ ਲੈ ਕੇ ਆਉਣ ਵਾਲੇ ਵਿਦਿਆਰਥੀ ਨੂੰ 100/- ਰੁ: ਜੁਰਮਾਨਾ ਕੀਤਾ ਜਾਵੇਗਾ ਅਤੇ ਉਸ ਵਿਦਿਆਰਥੀ ਤੇ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ ਅਤੇ ਲੋੜ ਪੈਣ ਤੇ ਵਿਦਿਆਰਥੀ ਨੂੰ ਕਾਲਜ ਤੋਂ ਕੱਢ ਦਿੱਤਾ ਜਾਵੇਗਾ।

4 ਵਿਦਿਆਰਥੀ ਆਪਣਾ ਸ਼ਨਾਖ਼ਤੀ ਕਾਰਡ ਹਰ ਸਮੇਂ ਆਪਣੇ ਕੋਲ ਰੱਖਣ। ਜਿਸ ਵਿਦਿਆਰਥੀ ਕੋਲ ਸ਼ਨਾਖ਼ਤੀ ਕਾਰਡ ਨਹੀਂ ਹੋਵੇਗਾ ਉਸ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ।

5 ਕਾਲਜ ਦਾ ਅਨੁਸ਼ਾਸਨ ਭੰਗ ਕਰਨ ਅਤੇ ਪ੍ਰੋਫ਼ੈਸਰ ਸਾਹਿਬਾਨ ਨਾਲ ਮਾੜਾ ਵਿਵਹਾਰ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਤੋਂ ਸਸਪੈਂਡ ਕੀਤਾ ਜਾਵੇਗਾ ਅਤੇ ਲੋੜ ਪੈਣ ਤੇ ਵਿਦਿਆਰਥੀ ਨੂੰ ਕਾਲਜ ਤੋਂ ਕੱਢ ਦਿੱਤਾ ਜਾਵੇਗਾ।

6 ਬੱਸਾਂ ਗੱਡੀਆਂ ਵਿੱਚ ਵਿਦਿਆਰਥੀ ਆਪਣੇ ਵਿਵਹਾਰ ਵਿੱਚ ਸੰਜਮ ਦੀ ਵਰਤੋਂ ਕਰਨਗੇ ਅਤੇ ਇਸ ਸਬੰਧੀ ਕੋਈ ਵੀ ਸ਼ਿਕਾਇਤ ਹੋਵੇ ਤਾਂ ਪ੍ਰਿੰਸੀਪਲ ਸਾਹਿਬ ਨੂੰ ਲਿਖਤੀ ਰੂਪ ਵਿੱਚ ਦੇਣਗੇ। ਬੱਸਾਂ/ਗੱਡੀਆਂ ਵਿੱਚ ਲੜਾਈ ਝਗੜੇ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਣਗੇ ਅਤੇ ਕਾਲਜ ਉਸ ਵਿੱਚ ਕਿਸੇ ਕਿਸਮ ਦੀ ਕੋਈ ਦਖ਼ਲ ਅੰਦਾਜ਼ੀ ਨਹੀਂ ਕਰੇਗਾ।

7 ਵਿਦਿਆਰਥੀਆਂ ਲਈ ਲੋੜੀਂਦੀ ਸੂਚਨਾ ਕਾਲਜ ਨੋਟਿਸ ਬੋਰਡ ਤੇ ਲਗਾਈ ਜਾਵੇਗੀ। ਕਾਲਜ ਅਜਿਹੀ ਸੂਚਨਾ ਵਿਦਿਅਰਥੀਆਂ ਦੇ ਘਰ ਤੱਕ ਪਹੁੰਚਾਉਣ ਲਈ ਪਾਬੰਦ ਨਹੀਂ ਹੋਵੇਗਾ।

8 ਵਿਦਿਆਰਥੀਆਂ ਦੇ ਮਾਤਾ-ਪਿਤਾ / ਸਰਪ੍ਰਸਤ ਸਮੇਂ-ਸਮੇਂ ਤੇ ਕਾਲਜ ਆ ਕੇ ਆਪਣੇ ਬੱਚਿਆਂ ਬਾਰੇ ਲੋੜੀਂਦੀ ਜਾਣਕਾਰੀ ਲੈਂਦੇ ਰਹਿਣ। ਵਿਦਿਆਰਥੀ ਵੱਲੋਂ ਮਾਪਿਆਂ ਨੂੰ ਕਾਲਜ ਨਾਲ ਸਬੰਧਤ ਜਾਣਕਾਰੀ ਨਾ ਦੇਣ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।

9 ਜੇਕਰ ਕੋਈ ਵਿਦਿਆਰਥੀ ਨੋਟਿਸ ਬੋਰਡ ਤੇ ਲਗਾਈ ਗਈ ਸੂਚਨਾ ਸਮੇਂ ਸਿਰ ਨੋਟ ਨਹੀਂ ਕਰਦਾ ਤਾਂ ਇਹ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ। ਵਿਦਿਆਰਥੀ ਖ਼ਾਸ ਖਿਆਲ ਰੱਖਣ ਕਿ ਨੋਟਿਸ ਬੋਰਡ ਤੇ ਲਗਾਇਆ ਗਿਆ ਨੋਟਿਸ ਪਾੜਿਆ ਨਾ ਜਾਵੇ। ਇਸ ਤਰ੍ਹਾਂ ਕਰਨ ਨਾਲ ਦੂਸਰੇ ਵਿਦਿਆਰਥੀਆਂ ਦਾ ਵੀ ਨੁਕਸਾਨ ਹੋ ਸਕਦਾ ਹੈ।

10 ਜੇਕਰ ਕੋਈ ਵਿਦਿਆਰਥੀ ਨੋਟਿਸ ਪਾੜਦਾ ਫੜ੍ਹਿਆ ਗਿਆ ਤਾਂ ਉਸ ਵਿਦਿਆਰਥੀ ਨੂੰ 100/- ਰੁ: ਜੁਰਮਾਨਾ ਕਰਨ ਤੋਂ ਇਲਾਵਾ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

11 ਕੋਈ ਵਿਦਿਆਰਥੀ ਪ੍ਰਿੰਸੀਪਲ/ਸਟਾਫ਼ ਮੈਂਬਰ ਦੀ ਮਨਜ਼ੂਰੀ ਤੋਂ ਬਿਨਾਂ ਨੋਟਿਸ ਬੋਰਡ ਤੇ ਕੋਈ ਨੋਟਿਸ ਨਾ ਲਗਾਏ। ਇਸ ਹੁਕਮ ਦੀ ਪਾਲਣਾ ਨਾ ਕਰਨ ਵਾਲੇ ਵਿਦਿਆਰਥੀ ਨੂੰ 100/- ਰੁ: ਜੁਰਮਾਨਾ ਕੀਤਾ ਜਾਵੇਗਾ।

12 ਕਾਲਜ ਵਿੱਚ ਗ਼ੈਰ ਸੱਭਿਅਕ ਪਹਿਰਾਵਾ ਪਹਿਨਣ ਅਤੇ ਮੰਦਾ ਬੋਲਣ ਦੀ ਮਨਾਹੀ ਹੈ।

13 ਵਿਦਿਆਰਥੀ ਕਾਲਜ ਵਿੱਚ ਮੋਬਾਇਲ ਫੋਨ ਨਾ ਲੈ ਕੇ ਆਉਣ। ਪਤਾ ਲੱਗਣ ਤੇ ਇਹ ਜ਼ਬਤ ਕਰ ਲਏ ਜਾਣਗੇ ਅਤੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

14 ਕਾਲਜ ਵਿੱਚ ਮਹਿਮਾਨ ਸ਼ਬਦ ਦੀ ਆੜ ਵਿੱਚ ਗ਼ੈਰ-ਜ਼ਿੰਮੇਵਾਰ ਅਤੇ ਗ਼ੈਰ ਸਮਾਜਿਕ ਅਨਸਰਾਂ ਨੂੰ ਬੁਲਾਉਣਾ ਜਾਂ ਉਹਨਾਂ ਨੂੰ ਸੁਰੱਖਿਆ ਦੇਣਾ ਗ਼ੈਰ-ਕਾਨੂੰਨੀ ਹੈ।

15 ਜੇਕਰ ਕੋਈ ਵਿਦਿਆਰਥੀ ਕਿਸੇ ਕਿਸਮ ਦੇ ਨਸ਼ੇ / ਤੰਬਾਕੂ ਆਦਿ ਦਾ ਸੇਵਨ ਕਰਦਾ ਜਾਂ ਕੋਲ ਰੱਖਦਾ ਪਾਇਆ ਗਿਆ ਤਾਂ ਉਸ ਵਿਰੁੱਧ ਅਨੁਸ਼ਾਸਨੀ / ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

16 ਲੜਕੀਆਂ ਨਾਲ ਬਦਸਲੂਕੀ, ਪਿੱਛਾ ਕਰਨ, ਤਸਵੀਰਾਂ ਖਿੱਚਣਾ, ਅਸ਼ਲੀਲ ਹਰਕਤਾਂ ਅਤੇ ਇਸ਼ਾਰੇਬਾਜ਼ੀ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।

17 ਕੋਈ ਵੀ ਵਿਦਿਆਰਥੀ ਕਾਲਜ ਵਿੱਚ ਰੈਗਿੰਗ ਨਹੀਂ ਕਰੇਗਾ, ਜੇ ਕੋਈ ਵੀ ਵਿਦਿਆਰਥੀ ਇਸ ਤਰਾਂ ਦੀ ਗਲਤੀ ਕਰਦਾ ਹੈ ਤਾਂ ਉਸ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਜ਼ਰੂਰੀ ਨੋਟ

1 ਦਾਖ਼ਲਾ ਲੈਣ ਵੇਲੇ ਜਿਹੜੇ ਵੀ ਸਰਟੀਫਿਕੇਟ ਦਾਖ਼ਲੇ ਸਬੰਧੀ ਦਿੱਤੇ ਜਾਣਗੇ, ਉਹਨਾਂ ਦੀ ਪੁੱਛ ਪੜਤਾਲ ਸਬੰਧਤ ਅਧਿਕਾਰੀ ਕੋਲੋਂ ਕਰਵਾਈ ਜਾ ਸਕਦੀ ਹੈ।

2 ਐਸ.ਸੀ. / ਬੀ.ਸੀ. ਵਰਗ ਨਾਲ ਸਬੰਧਤ ਵਿਦਿਆਰਥੀ ਵਜ਼ੀਫੇ ਲਈ ਫਾਰਮ ਸਬੰਧਤ ਕਲਰਕ ਪਾਸੋਂ ਪ੍ਰਾਪਤ ਕਰਨ ਉਪਰੰਤ ਵਜ਼ੀਫੇ ਲਈ ਨਾਮ ਦਰਜ ਕਰਵਾਉਣ । ਵਜ਼ੀਫੇ ਲਈ ਪੋਰਟਲ ਤੇ ਅਪਲਾਈ ਕਰਨ ਦੀ ਸਮੁੱਚੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ ।

3 ਮਾਈਗਰੇਸ਼ਨ ਵਾਲੇ ਵਿਦਿਆਰਥੀ ਕਾਲਜ ਵਿੱਚ ਦਾਖ਼ਲਾ ਲੈਣ ਤੋਂ ਉਪਰੰਤ ਆਪਣੇ ਪਿਛਲੇ ਲੈਕਚਰ ਸਬੰਧਿਤ ਪ੍ਰੋਫ਼ੈਸਰ ਸਾਹਿਬਾਨ ਕੋਲ ਆਪ ਜਾ ਕੇ ਦਰਜ ਕਰਵਾਉਣਗੇ ਅਤੇ ਲੇਟ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਵੀ ਆਪਣਾ ਨਾਮ ਆਪ ਰਜਿਸਟਰ ਵਿੱਚ ਦਰਜ ਕਰਵਾਉਣਗੇ।

4 ਪ੍ਰਿੰਸੀਪਲ ਸਾਹਿਬ ਬਿਨਾਂ ਕਾਰਨ ਦੱਸੇ ਵਿਦਿਆਰਥੀ ਨੂੰ ਦਾਖ਼ਲਾ ਦੇਣ ਤੋਂ ਇਨਕਾਰ ਕਰ ਸਕਦੇ ਹਨ।

**ਨੋਟ :**

ਪ੍ਰਾਸਪੈਕਟਸ ਵਿਚ ਲਿਖੇ ਹੋਏ ਨਿਯਮਾਂ ਨੂੰ ਸਰਕਾਰ ਦੀਆਂ ਹਦਾਇਤਾਂ ਜਾਂ ਸਥਾਨਕ ਹਾਲਾਤ ਨੂੰ ਮੁੱਖ ਰੱਖਦਿਆਂ ਬਦਲਣ ਦਾ ਅਧਿਕਾਰ ਕਾਲਜ ਪ੍ਰਿੰਸੀਪਲ ਸਾਹਿਬ ਦਾ ਰਾਖਵਾਂ ਹੈ। ਕਿਸੇ ਵੀ ਤਰ੍ਹਾਂ ਦੇ ਕਾਨੂੰਨੀ ਝਗੜੇ ਦਾ ਅਧਿਕਾਰ ਖੇਤਰ ਸ੍ਰੀ ਮੁਕਤਸਰ ਸਾਹਿਬ ਹੀ ਹੋਵੇਗਾ।

ਸਭ ਹੱਕ ਰਾਖਵੇਂ ਹਨ।

ਇਹ ਪ੍ਰਾਸਪੈਕਟਸ ਡਾ. ਹਰਿੰਦਰ ਜੀਤ ਕੌਰ (ਕਨਵੀਨਰ) ਪ੍ਰੋ: ਕੁਲਵਿੰਦਰ ਸ਼ਰਮਾ ਅਤੇ ਪ੍ਰੋ: ਜੋਬਨਜੀਤ ਸਿੰਘ ਕਮੇਟੀ ਮੈਂਬਰਾਂ ਨੇ ਪ੍ਰਿੰਸੀਪਲ ਪ੍ਰੋ: ਸਤਵੰਤ ਕੌਰ ਦੀ ਸਰਪ੍ਰਸਤੀ ਹੇਠ ਰਾਬੜਾ ਪ੍ਰਿੰਟਿੰਗ ਪ੍ਰੈਸ ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ ਲਈ ਜਾਰੀ ਕੀਤਾ।



ਮਾਨਯੋਗ ਡੀ.ਪੀ.ਆਈ. (ਕਾ) ਸ. ਉਪਕਾਰ ਸਿੰਘ ਜੀ
ਸਟਾਫ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ।



ਪ੍ਰਿੰਸੀਪਲ ਪ੍ਰੋ.ਸਤਵੰਤ ਕੌਰ ਦਾ ਕਾਲਜ ਵਿਚ
ਅਹੁਦਾ ਸੰਭਾਲਣ ਸਮੇਂ ਦਾ ਦ੍ਰਿਸ਼ ।



ਅੰਤਰ-ਕਾਲਜ ਮੁਕਾਬਲੇ ਵਿਚ ਕਾਲਜ ਦੀ ਬਾਕਸਿੰਗ ਟੀਮ ਕ੍ਰਮਵਾਰ ਜੋਤੀ ਸ਼ਰਮਾ,
ਮਾਨਸੀ, ਮਹਿਕਪ੍ਰੀਤ ਕੌਰ ਚਾਂਦੀ ਦਾ ਤਗਮਾ ਅਤੇ ਆਰਜ਼ੂ ਕਾਂਸੀ ਦਾ ਤਗਮਾ
ਹਾਸਿਲ ਕਰਨ ਉਪਰੰਤ ਪ੍ਰਿੰਸੀਪਲ ਪ੍ਰੋ. ਸਤਵੰਤ ਕੌਰ ਅਤੇ ਪ੍ਰੋ. ਰਾਜ਼ੇਸ ਗੌਦਾਰਾ ਨਾਲ ।



ਖੇਤਰੀ ਯੁਵਕ ਮੇਲਾ 2021-22 ਦੇ ਜੇਤੂ ਵਿਦਿਆਰਥੀਆਂ
ਨਾਲ ਪ੍ਰਿੰਸੀਪਲ ਪ੍ਰੋ. ਸਤਵੰਤ ਕੌਰ, ਪ੍ਰੋ. ਮਨਜੀਤ ਕੌਰ,
ਪ੍ਰੋ. ਸਾਗਰ ਕੁਮਾਰ ਅਤੇ ਪ੍ਰੋ. ਕੁਲਵਿੰਦਰ ਕੁਮਾਰ ।



ਗਾਂਧੀ ਜਯੰਤੀ ਮੌਕੇ ਗਾਂਧੀ ਜੀ ਦਾ ਸੁਤੰਤਰਤਾ ਸੰਗਰਾਮ
ਵਿਚ ਯੋਗਦਾਨ ਬਾਰੇ ਕਰਵਾਏ ਗਏ ਸਮਾਗਮ ਦਾ ਦ੍ਰਿਸ਼ ।



ਕਾਲਜ ਵਿਚ ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ
ਪ੍ਰਿੰਸੀਪਲ ਪ੍ਰੋ. ਸਤਵੰਤ ਕੌਰ, ਸਟਾਫ ਅਤੇ ਵਿਦਿਆਰਥੀ।



ਐਲੂਮਿਨੀ ਮੀਟ ਦੌਰਾਨ ਪ੍ਰਿੰਸੀਪਲ ਪ੍ਰੋ. ਸਤਵੰਤ ਕੌਰ ਨਾਲ
ਕਾਲਜ ਦੇ ਪੁਰਾਣੇ ਵਿਦਿਆਰਥੀ ।



ਵੋਟਰ ਦਿਵਸ ਮੌਕੇ ਵੋਟਰ ਪ੍ਰਣ ਲੈਂਦੇ ਹੋਏ ਪ੍ਰਿੰਸੀਪਲ,
ਸਟਾਫ ਅਤੇ ਵਿਦਿਆਰਥੀ ।

# ਕਾਲਜ ਦੀ ਨਿਖੱਰਦੀ ਨੁਹਾਰ






ਕਾਲਜ ਦੀ ਖੋ-ਖੋ ਟੀਮ ਅੰਤਰ-ਕਾਲਜ ਮੁਕਾਬਲੇ ਵਿਚ ਕਾਂਸੀ ਦਾ ਤਗਮਾ ਹਾਸਿਲ ਕਰਨ ਉਪਰੰਤ ਪ੍ਰਿੰਸੀਪਲ ਪ੍ਰੋ. ਸਤਵੰਤ ਕੌਰ ਅਤੇ ਪ੍ਰੋ. ਰਾਜੇਸ਼ ਗੋਦਾਰਾ ਨਾਲ।



ਜਿਮਨਾਸਟਿਕ ਦੇ ਅੰਤਰ-ਕਾਲਜ ਮੁਕਾਬਲੇ ਵਿਚ ਚਾਂਦੀ ਦਾ ਤਗਮਾ ਜਿੱਤਣ ਵਾਲਾ ਬੀ.ਏ. ਭਾਗ ਪਹਿਲਾ ਦਾ ਵਿਦਿਆਰਥੀ ਰੋਹਿਤ ਆਪਣੇ ਕੋਚ ਨਾਲ।